ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 15/12

ਦਸੰਬਰ 2015 – ਨਾਨਕਸ਼ਾਹੀ ਮੱਘਰ-ਪੋਹ ੫੪੭

## ਇਤਿਹਾਸਿਕ ਦਿਹਾੜੇ

### ਨਵੰਬਰ ਅਤੇ ਦਸੰਬਰ 2015

| | |
|---|---|
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 14 ਦਸੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ | 16 ਦਸੰਬਰ |
| ਸ਼ਹੀਦੀ ਭਾਈ ਮਤੀ ਦਾਸ ਜੀ ,ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ | 16 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਦੇ ਹੋਰ ਸ਼ਹੀਦ | 23 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 28 ਦਸੰਬਰ |
| ਜੋੜ ਮੇਲਾ ਮੁਕਤਸਰ (ਮਾਘੀ) | 14 ਜਨਵਰੀ |
| ਨੀਂਹ ਪੱਥਰ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਜੀ | 14 ਜਨਵਰੀ |
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 16 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 26 ਜਨਵਰੀ |

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਪੋਖਿ ਤੁਖਾਰੁ ਨ ਵਿਆਪਈ (ਜੀਵਨ ਜੁਗਤਿ)

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥ (ਮਃ ੫) ਅੰਗ ੧੩੫

ਪਦ ਅਰਥ:- ਪੋਖਿ-ਪੋਹ ਮਹੀਨੇ ਵਿਚ । ਤੁਖਾਰੁ-ਕੱਕਰ, ਕੋਰਾ । ਨ ਵਿਆਪਈ-ਜ਼ੋਰ ਨਹੀਂ ਪਾਂਦਾ । ਕੰਠਿ-ਗਲ ਵਿਚ, ਗਲ ਨਾਲ (ਹਿਰਦੇ ਵਿਚ) । ਨਾਹੁ-ਨਾਥ, ਖਸਮ, ਪਤੀ । ਬੇਧਿਆ-ਵਿੰਨ੍ਹਿਆ ਜਾਂਦਾ ਹੈ । ਚਰਨਾਰਬਿੰਦ-ਚਰਨ-ਅਰਬਿੰਦ, ਚਰਨ ਕਮਲ । ਦਰਸਨਿ-ਦੀਦਾਰ ਵਿਚ। ਸਾਹੁ-ਇਕ ਇਕ ਸਾਹ, ਬ੍ਰਿਤੀ । ਲਾਹੁ-ਲਾਭ । ਬਿਖਿਆ-ਮਾਇਆ । ਸਾਧੂ-ਗੁਰੂ । ਗੁਣ ਗਾਹੁ-ਗੁਣਾਂ ਦੀ ਵਿਚਾਰ, ਗੁਣਾਂ ਵਿਚ ਚੁੱਭੀ । ਜਹ ਤੇ-ਜਿਸ ਪ੍ਰਭੂ ਤੋਂ । ਸਮਾਹੁ-ਲਿਵ । ਕਰੁ-ਹੱਥ । ਗਹਿ-ਫੜ ਕੇ । ਪਾਰਬ੍ਰਹਮਿ-ਪਾਰਬ੍ਰਹਮ ਨੇ । ਬਾਰਿ ਜਾਉ-ਮੈਂ ਵਾਰਨੇ ਜਾਂਦੀ ਹਾਂ । ਬੇਰੀਆ-ਵਾਰੀ । ਅਗਮ-ਅਪਹੁੰਚ । ਅਗਾਹੁ-ਅਗਾਧ, ਡੂੰਘੇ ਜਿਗਰੇ ਵਾਲਾ । ਸਰਮ-ਲਾਜ । ਸਰਮ ਪਈ-ਇੱਜ਼ਤ ਰੱਖਣੀ ਪਈ । ਦਰਿ-ਦਰ ਉਤੇ । ਸੋੁਹੰਦਾ-{ ਅਸਲ ਲਫ਼ਜ਼ 'ਸੋਹੰਦਾ' ਹੈ, ਪਾਠ 'ਸੁਹੰਦਾ' ਕਰਨਾ ਹੈ । ਅੱਖਰ 'ਸ' ਦੇ ਨਾਲ ੋ ਅਤੇ ੁ ਦੋਵੇ ਲਗਾਂ ਵਰਤੀਆਂ ਹਨ} ਸੋਹਣਾ ਲੱਗਦਾ ਹੈ ।

ਅਰਥ:- ਪੋਹ ਦੇ ਮਹੀਨੇ ਜਿਸ ਜੀਵ-ਇਸਤ੍ਰੀ ਦੇ ਗਲ ਨਾਲ (ਹਿਰਦੇ ਵਿਚ) ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੱਕਰ (ਮਨ ਦੀ ਕਠੋਰਤਾ, ਕੋਰਾਪਨ) ਜ਼ੋਰ ਨਹੀਂ ਪਾ ਸਕਦਾ, (ਕਿਉਂਕਿ) ਉਸਦੀ ਬ੍ਰਿਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ ।

ਜਿਸ ਜੀਵ-ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਉਸ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਚੁੱਭੀ ਲਾਈ ਹੈ । ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਦੀ ਪ੍ਰੀਤ ਵਿਚ ਲੱਗੀ ਰਹਿੰਦੀ ਹੈ । ਪਾਰਬ੍ਰਹਮ ਨੇ (ਉਸ ਦਾ) ਹੱਥ ਫੜ ਕੇ (ਉਸ ਨੂੰ ਆਪਣੇ ਚਰਨਾਂ ਵਿਚ) ਜੋੜਿਆ ਹੁੰਦਾ ਹੈ, ਉਹ ਮੁੜ (ਉਸ ਦੇ ਚਰਨਾਂ ਤੋਂ) ਵਿੱਛੁੜਦੀ ਨਹੀਂ । (ਪਰ) ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਘਾ ਹੈ, ਮੈਂ ਉਸ ਤੋਂ ਲਖ ਵਾਰੀ ਕੁਰਬਾਨ ਹਾਂ । ਹੇ ਨਾਨਕ ! (ਉਹ ਬੜਾ ਦਿਆਲ ਹੈ) ਦਰ ਉੱਤੇ ਡਿੱਗਿਆਂ ਦੀ ਉਸ ਪ੍ਰਭੂ ਨੂੰ ਇੱਜ਼ਤ ਰੱਖਣੀ ਹੀ ਪੈਂਦੀ ਹੈ ।

ਜਿਸ ਉੱਤੇ ਉਹ ਬੇ-ਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲੱਗਦਾ ਹੈ ਉਸ ਨੂੰ ਸਾਰੇ ਹੀ ਸੁਖ ਮਿਲ ਜਾਂਦੇ ਹਨ ।੧੧।

# ਧਰਮ ਹੇਤਿ ਸਾਕਾ ਜਿਨਿ ਕੀਆ

ਬਲਵਿੰਦਰ ਸਿੰਘ 'ਸਾਗਰ'

ਭਾਰਤ ੭੦੦ ਸਾਲਾਂ ਤੋਂ ਵਧ ਮੁਗਲਾਂ ਦਾ ਗੁਲਾਮ ਰਿਹਾ। ਮੁਗਲ ਧਾੜਵੀਆਂ ਦੇ ਜੁਲਮ-ਜਬਰ ਦੀਆਂ ਘਟਨਾਵਾਂ ਸੁਣ ਕੇ ਅੱਜ ਵੀ ਲੂੰ ਕੰਡੇ ਖੜੇ ਹੋ ਜਾਂਦੇ ਹਨ। ਇਸ ਸਮੇਂ ਦੌਰਾਨ ਭਾਰਤ ਵਾਸੀ ਅਪਣੇ ਹੀ ਦੇਸ਼ ਵਿੱਚ ਗੁਲਾਮਾਂ ਦੀ ਜਿੰਦਗੀ ਜੀਉਣ ਲਈ ਮਜਬੂਰ ਸਨ। ਇਹ ਹਾਲਾਤ ਹੋਰ ਵੀ ਬਦਤਰ ਹੋ ਗਏ ਜਦੋਂ ਔਰੰਗਜ਼ੇਬ ਦਿੱਲੀ ਦੇ ਤਖਤ ਤੇ ਕਾਬਜ਼ ਹੋਇਆ। ਇਹ ਇਕ ਕਟੱੜ ਸੁੰਨੀ ਮੁਸਲਮਾਨ ਅਤੇ ਬੇਰਹਿਮ ਇਨਸਾਨ ਸੀ। ਇਸਨੇ ਆਪਣੇ ਪਿਤਾ, ਭਰਾ ਅਤੇ ਭੈਣ ਨੂੰ ਵੀ ਨਹੀਂ ਬਖਸ਼ਿਆ। ਇਸ ਨਿਰਦਈ ਤੇ ਖੁਦਗਰਜ਼ ਇਨਸਾਨ ਨੇ ਆਪਣੇ ਪਿਤਾ ਸ਼ਾਹਜਹਾਂ ਨੂੰ ਗੱਦੀ ਤੋਂ ਲਾਹ ਕੇ ਆਗਰੇ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ, ਭਰਾ ਦਾ ਕਤਲ ਕਰ ਦਿੱਤਾ ਅਤੇ ਦਿੱਲੀ ਦੇ ਤਖਤ ਤੇ ਕਾਬਜ਼ ਹੋ ਗਿਆ। ਇਸ ਨੇ ਆਪਣੀ ਸਕੀ ਭੈਣ ਨੂੰ ਸਾਰੀ ਉਮਰ ਕੁਆਰੀ ਰਖਿਆ। ਔਰਗੰਜ਼ੇਬ ਦੇ ਤਖਤ ਨਸ਼ੀਨ ਹੁੰਦਿਆ ਹੀ ਸਾਰੇ ਹਿੰਦੂਸਤਾਨ ਵਿੱਚ ਜ਼ੁਲਮ ਅਤੇ ਜ਼ਬਰ ਦੀ ਸ਼ਿਦੱਤ ਬਹੁਤ ਵੱਧ ਗਈ ਸੂਬਿਆਂ ਵਿੱਚ ਕਾਬਜ਼ ਸੂਬੇਦਾਰਾਂ ਨੇ ਹਿੰਦੂਆਂ ਤੇ ਅਤਿਆਚਾਰਾਂ ਨੂੰ ਹੋਰ ਵਧਾ ਦਿੱਤਾ। ਜੁਲਮ ਦੀ ਹੱਦ ਇਥੋਂ ਤੱਕ ਵਧ ਗਈ ਕਿ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾਣ ਲਗਾ। ਜੋ ਕੋਈ ਇਨਕਾਰੀ ਹੁੰਦਾ ਤਾਂ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾਂ। ਔਰਤਾਂ ਦੀ ਇਜ਼ੱਤ ਤਾਰ ਤਾਰ ਕਰ ਦਿੱਤੀ ਜਾਂਦੀ।ਬੱਚਿਆਂ ਤੇ ਬਜ਼ੁਰਗਾਂ ਤੱਕ ਨੂੰ ਵੀ ਨਾ ਬਖਾਸ਼ਿਆ ਜਾਂਦਾ। ਇਸ ਸਮੇਂ ਕਸ਼ਮੀਰ ਦਾ ਸੂਬੇਦਾਰ ਇਫਤਿਖਾਰ ਖਾਨ ਸੀ।ਇਸ ਸੂਬੇਦਾਰ ਨੇ ਹਿੰਦੂਆਂ, ਖਾਸ ਕਰਕੇ ਕਸ਼ਮਰੀ ਪੰਡਤਾਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਮੁਹਿੰਮ ਚਲਾ ਰਖੀ ਸੀ। ਪੰਡਤਾਂ ਨੂੰ ਨਿਤ ਨਵੇਂ ਜੁਲਮ, ਲਾਲਚ ਅਤੇ ਡਰ ਦੇ ਕੇ ਮੁਸਲਮਾਨ ਬਣਨ ਲਈ ਮਜਬੂਰ ਕੀਤਾ ਜਾਂਦਾ ਸੀ। ਕਸ਼ਮੀਰੀ ਪੰਡਿਤ ਬਹੁਤ ਵਿਦਵਾਨ ਤੇ ਦੂਰ ਅੰਦੇਸ਼ ਸਨ। ਉਨ੍ਹਾਂ ਨੇ ਸਲਾਹ ਕੀਤੀ ਕਿ ਹਿੰਦੂਆਂ ਦੀ ਰਖਿਆ ਲਈ ਗੁਰੂ ਘਰ ਜਾ ਕੇ ਬੇਨਤੀ ਕੀਤੀ ਜਾਵੇ। ਉਸ ਵੇਲੇ ਪੰਜਾਬ ਦੀ ਧਰਤੀ ਤੇ ਕੇਵਲ ਸਿੱਖ ਹੀ ਸਨ ਜੋ ਮੁਗਲਾਂ ਨਾਲ ਟਕਰ ਲੈ ਰਹੇ ਸਨ। ਸੋ ਇਹ ਲੋਕ ਪੰਡਿਤ ਕਿਰਪਾ ਦੱਤ ਦੀ ਅਗਵਾਈ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਫਰਿਆਦ ਲੈਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਇਹ ਗਲ ੨੫ ਮਈ ੧੬੭੫ ਦੀ ਹੈ। ਗੁਰੂ ਜੀ ਨੇ ਬੜੇ ਧਿਆਨ ਨਾਲ ਕਸ਼ਮੀਰੀ ਪੰਡਿਤਾਂ ਦੀ ਗੱਲ ਸੁਣੀ। "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਦੇ ਮਹਾਂਵਾਕ ਨੂੰ ਸਾਕਾਰ ਕਰਦਿਆਂ ਗੁਰੂ ਜੀ ਨੇ ਫੁਰਮਾਇਆ ਕਿ ਇਸ ਜਬਰ ਨੂੰ ਰੋਕਣ ਲਈ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਦੀ ਲੋੜ ਹੈ ਜੋ। ਇੰਨੇ ਵਿਚ ਬਾਲ ਗੋਬਿੰਦ ਰਾਇ ਅੰਦਰ ਆ ਗਏ। ਗੁਰੂ ਪਿਤਾ ਦਾ ਬਚਨ ਸੁਣ ਕੇ ਸਹਜ ਸੁਭਾ ਬੋਲੇ ਕਿ , ਗੁਰੂ ਪਿਤਾ ਕੁਲ ਦੁਨੀਆਂ ਵਿਚ ਆਪ ਤੋਂ ਮਹਾਨ ਆਤਮਾ ਹੋਰ ਕਿਹੜੀ ਹੈ । ਗੁਰੂ ਜੀ ਨੇ ਫਰਿਆਦੀ ਪੰਡਤਾਂ ਨੂੰ ਕਿਹਾ ਕਿ ਤੁਸੀਂ ਬਾਦਸ਼ਾਹ ਔਰੰਗਜ਼ੇਬ ਨੂੰ ਇਹ ਸੁਨੇਹਾ ਭੇਜ ਦਿਉ ਕਿ ਸਾਡੇ ਗੁਰੂ ਸ੍ਰੀ ਤੇ.ਗ ਬਹਾਦਰ ਜੀ ਹਨ। ਜੇ ਉਹ ਇਸਲਾਮ ਧਾਰਨ ਕਰ ਲੈਣ ਤਾਂ ਅਸੀਂ ਸਾਰੇ ਵੀ ਇਸਲਾਮ ਕਬੂਲ ਕਰ ਲਵਾਂਗੇ।ਕਸ਼ਮੀਰੀ ਪੰਡਤਾਂ ਨੇ ਇਹ ਸੁਨੇਹਾ ਸੂਬਾ ਕਸ਼ਮੀਰ ਨੂੰ ਦੇ ਦਿੱਤਾ। ਪਰ ਸ੍ਰੀ ਅਨੰਦਪੁਰ ਦਾ ਇਲਾਕਾ ਉਸਦੇ ਅਧਿਕਾਰ ਖੇਤਰ ਵਿਚ ਨਾ ਹੋਣ ਕਰਕੇ ਉਹ ਕੋਈ ਕਾਰਵਾਈ ਨਾ ਕਰ ਸਕਿਆ। ਉਸਨੇ ਇਹ ਸਾਰੀ ਖਬਰ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਤੱਕ ਪਹੁੰਚਾ ਦਿੱਤੀ।ਬਾਦਸ਼ਾਹ ਨੇ ਗੁਰੂ ਜੀ ਨੂੰ ਗਿਰਫਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਜੀ ਨਾਲ ਦਿੱਲੀ ਵਿਖੇ ਕੀ ਸਲੂਕ ਕੀਤਾ ਜਾਵੇ ਇਸ ਸੰਬਧੀ ਆਦੇਸ਼ ਦੇ ਕੇ ਬਾਦਸ਼ਾਹ ਆਪ ਪਠਾਣਾਂ ਤੇ ਜਿੱਤ ਹਾਸਲ ਕਰਨ ਲਈ ਰਾਵਲ ਪਿੰਡੀ ਵੱਲ ਚਲਾ ਗਿਆ।

ਇਧਰ ਅੰਤਰਜਾਮੀ ਗੁਰੂ ਜੀ ਨੂੰ ਆਉਣ ਵਾਲੇ ਸਮੇਂ ਦਾ ਪਤਾ ਸੀ । ਸੋ ਗੁਰੂ ਤੇਗ ਬਹਾਦਰ ਜੀ ਨੇ ੧੬੭੩,੧੬੭੪ ਅਤੇ ੧੬੭੫ ਦੇ ਅੱਧ ਤੱਕ ਸਾਰੇ ਭਾਰਤ ਵਿਚ ਦੂਰ ਦੁਰਾਡੇ ਜਾਕੇ ਲੋਕਾਂ ਨੂੰ ਜਾਗਰੁਕ ਕੀਤਾ । ਇਸ ਸਮੇਂ ਵਿੱਚ ਗੁਰੂ ਜੀ ਨੇ ਮਾਲਵਾ ਖੇਤਰ ਵਿੱਚ ਬਹੁਤ ਸਮਾਂ ਪ੍ਰਚਾਰ ਹਿਤ ਗੁਜਾਰਿਆ । ਇਹ ਇਕ ਸੋਚੀ ਸਮਝੀ ਰਣਨੀਤੀ ਤਹਿਤ ਕੀਤਾ ਗਿਆ। ਇੱਥੇ ਇਹ ਗੱਲ ਵਰਣਨ ਯੋਗ ਹੈ ਕਿ ਗੁਰੂ ਜੀ ਨੇ ਸੱਮੁਚੇ ਭਾਰਤ ਦਾ ਭ੍ਰਮਣ ਕੀਤਾ ਪਰ ਰਾਜਪੂਤ ਰਿਆਸਤਾਂ ਦਾ ਭ੍ਰਮਣ ਨਹੀਂ ਕੀਤਾ ਅਤੇ ਉਨ੍ਹਾਂ ਹਿੰਦੂ ਤੀਰਥਾਂ ਅਤੇ ਇਲਾਕਿਆਂ ਦਾ ਭ੍ਰਮਣ ਕੀਤਾ ਜੋ ਮੁਗਲਾਂ ਦੇ ਅਧੀਨ ਸਨ । ਲੋਕਾਂ 'ਚ' ਚੇਤਨਤਾ ਲਿਆਂਦੀ ।ਆਪ ਨੇ ਲੋਕਾਂ ਨੂੰ 'ਭੈ ਕਾਹੂ ਕੋ ਦੇਤਿ ਨਹਿ, ਨਹਿ ਭੈ ਮਾਨਤ ਆਨ ' ਦਾ ਉਪਦੇਸ਼ ਦ੍ਰਿੜ ਕਰਵਾਇਆ ਵਡੀ ਗਿਣਤੀ ਵਿੱਚ ਲੋਕ ਗੁਰੂ ਜੀ ਨੂੰ ਆਪਣਾ ਆਸਰਾ ਮੰਨਣ ਲਗ ਗਏ ।। ਮੁਗਲ ਹਕੂਮਤ ਗੁਰੂ ਜੀ ਤੇ ਨਜਰ ਰਖ ਰਹੀ ਸੀ । ਇਹ ਗਲ ਮੁਗਲ ਹਕੂਮਤ ਨੂੰ ਖਟਕ ਰਹੀ ਸੀ । ਉਧਰ ਕਸ਼ਮੀਰੀ ਪੰਡਿਤਾਂ ਦੇ ਅੰਨਦਪੁਰ ਸਾਹਿਬ ਪੁਜਣ ਦੀ ਖਬਰ ਸਾਰੇ ਭਾਰਤ ਵਿੱਚ ਫੈਲ ਗਈ । ਲਿਹਾਜ਼ਾ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਬ੍ਰਾਹਮਣ ਅਤੇ ਆਮ ਲੋਕ ਅੰਨਦਪੁਰ ਸਾਹਿਬ ਵਿਖੇ ਇੱਕਠੇ ਹੋਣੇ ਸ਼ੁਰੂ ਹੋ ਗਏ । ਹਕੂਮਤ ਇਸ ਬਾਰੇ ਚੌਕਸ ਅਤੇ ਭੈਭੀਤ ਹੋ ਗਈ ।

ਅੰਤ ੧੦-੧੧ ਜੁਲਾਈ ੧੬੭੫ ਨੂੰ ਗੁਰ ਗੱਦੀ ਬਾਲਕ ਗੋਬਿੰਦ ਰਾਇ ਜੀ ਨੂੰ ਸੌਂਪ ਕੇ ਗੁਰੂ ਤੇਗ਼ ਬਹਾਦਰ ਜੀ ਅੰਨਦਪੁਰ ਤੋਂ ਦਿੱਲੀ ਲਈ ਰਵਾਨਾ ਹੋਏ । ਗੁਰੂ ਜੀ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ , ਬਾਬਾ ਗੁਰਦਿਤਾ ਜੀ ਅਤੇ ਭਾਈ ਚੀਮਾ ਜੀ ਵੀ ਸਨ ।
ਗੁਰੂ ਜੀ ਅੰਨਦਪੁਰ ਸਾਹਿਬ ਤੋਂ ਤੁਰ ਕੇ ਕੀਰਤਪੁਰ, ਰੋਪੜ ਹੁੰਦੇ ਹੋਇ ਪਟਿਆਲੇ ਤੋਂ ੪ ਕੋਹ ਦੂਰ ਉਤਰ ਪੂਰਬ ਵਲ ਸੈਫਦੀਨ ਵਲੋਂ ਵਸਾਏ ਨਗਰ ਸੈਫਾਬਾਦ ਪੁਜੇ । ਸੈਫਦੀਨ ਖੁਦਾ ਪ੍ਰਸਤ ਇਨਸਾਨ ਸੀ । ਇਸਨੇ ਗੁਰੂ ਜੀ ਦੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ । ਬਰਸਾਤਾਂ ਦਾ ਮੌਸਮ ਗੁਜ਼ਰ ਜਾਣ ਤੋਂ ਬਾਦ ਆਪ ਸਮਾਣਾ ਹੁੰਦੇ ਹੋਏ ਗੜ੍ਹੀ ਨਜ਼ੀਰ, ਜ਼ਿਲ੍ਹਾ ਕਰਨਾਲ ਪੁਜੇ । ਗੜ੍ਹੀ ਨਜ਼ੀਰ ਵਿੱਖੇ ਪਠਾਣ ਸਰਦਾਰ ਭੀਖੱਣ ਖਾਂ ਦੇ ਘਰ ਠਹਿਰੇ । ਭੀਖੱਣ ਖਾਂ ਗੁਰੂ ਜੀ ਦਾ ਸ਼ਰਧਾਲੂ ਸੀ । ਗੁਰੂ ਜੀ ਨੇ ਇਸਨੂੰ ਆਪ ਸਿੱਖੀ ਦਾਨ ਬਖਸ਼ਿਆ । ਗੁਰੂ ਜੀ ਇਥੋਂ ਚਲ ਕੇ ਪਿੰਡ ਚੀਕਾ ਹੁੰਦੇ ਖਟਕੜ ਪਹੁੰਚੇ । ਇੱਥੇ ਆਪ ਨੇ ਲੋਕਾਂ ਲਈ ਇੱਕ ਖੂਹ ਵੀ ਲਗਵਾਇਆ । ਪਿੰਡ ਦੇ ਸਾਰੇ ਖੂਹਾਂ ਦਾ ਪਾਣੀ ਖਾਰਾ ਸੀ । ਪਰ ਇਸ ਖੂਹ ਦਾ ਪਾਣੀ ਮਿੱਠਾ ਨਿਕਲਿਆ। ਗੁਰੂ ਜੀ ਦੇ ਇਸ ਪਰਉਪਕਾਰ ਕਰਕੇ ਪਿੰਡ ਦੇ ਲੋਕਾਂ ਨੇ ਸਿੱਖੀ ਧਾਰਣ ਕੀਤੀ ਅਤੇ ਗੁਰੂ ਜੀ ਸਭ ਨੂੰ 'ਭੈ ਕਾਹੂ ਕੋ ਦੇਤਿ ਨਹਿ, ਨਹਿ ਭੈ ਮਾਨਤ ਆਨ ' ਦਾ ਉਪਦੇਸ਼ ਦਿੰਦੇ ਹੋਇ ਜੀਂਦ ਹੁੰਦੇ ਹੋਏ ਆਗਰੇ ਪੁੱਜ ਗਏ ।

ਆਗਰੇ ਵਿੱਖੇ ਪਹਿਲਾਂ ਆਪ ਇਕ ਸ਼ਰਧਾਲੂ ਮਾਈ ਭਾਗਵੰਤੀ ਦੇ ਘਰ ਠਹਿਰੇ। ਫਿਰ ਸ਼ਹਿਰ ਤੋਂ ਬਾਹਰ ਬਾਗ ਵਿੱਚ ਜਾ ਬਿਰਾਜੇ । ਉਥੇ ਇੱਕ ਆਜੜੀ ਲੜਕੇ ਨੂੰ ਅਪਣੀ ਕੀਮਤੀ ਮੁੰਦਰੀ ਅਤੇ ਦੁਸ਼ਾਲਾ ਦੇ ਕੇ ਸ਼ਹਿਰੋਂ ਮਠਿਆਈ ਲਿਆਉਣ ਲਈ ਭੇਜਿਆ । ਇਸ ਤਰ੍ਹਾਂ ਨਾਲ ਗੁਰੂ ਜੀ ਨੇ ਆਪਣੀ ਆਮਦ ਦਾ ਸੁਨੇਹਾ ਭੇਜਿਆ। ਇਕ ਆਜੜੀ ਲੜਕੇ ਕੋਲ ਇੰਨੀਆਂ ਕੀਮਤੀ ਵਸਤਾਂ ਦੇਖ ਹਲਵਾਈ ਨੂੰ ਸ਼ੱਕ ਹੋ ਗਿਆ । ਉਸਨੇ ਬੱਚੇ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ । ਇਸ ਤਰ੍ਹਾਂ ਪੁਲਿਸ ਗੁਰੂ ਜੀ ਤੱਕ ਪਹੁੰਚੀ ਤੇ ਗੁਰੂ ਜੀ ਨੂੰ ਗਿਰਫਤਾਰ ਕਰ ਲਿਆ ਗਿਆ । ਨਵੰਬਰ ੧੬੭੫ ਦੇ

ਪਹਿਲੇ ਹਫਤੇ ਗੁਰੂ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਪਾਸ ਦਿੱਲੀ ਭੇਜ ਦਿੱਤਾ ਜਿਥੇ ੮ ਦਿਨ ਗੁਰੂ ਜੀ ਨੂੰ ਚਾਂਦਨੀ ਚੌਂਕ ਕੋਤਵਾਲੀ ਵਿਖੇ ਬੰਦ ਕਰ ਦਿੱਤਾ। ਬਾਦਸ਼ਾਹ ਵਲੋਂ ਹੁਕਮ ਕੀਤਾ ਗਿਆ ਕਿ ਗੁਰੂ ਜੀ ਨੂੰ ਤਿੰਨ ਪੇਸ਼ਕਸ਼ਾਂ ਕੀਤੀਆਂ ਜਾਣ। ਪਹਿਲੀ ਇਸਲਾਮ ਕਬੂਲ ਕਰ ਲਵੋ, ਦੂਸਰੀ ਕਰਾਮਾਤ ਦਿਖਾਉ ਅਤੇ ਤੀਸਰੀ ਮੌਤ ਕਬੂਲ ਕਰ ਲਵੋ। ਗੁਰੂ ਜੀ ਨੇ ਪਹਿਲੀਆਂ ਦੋ ਸ਼ਰਤਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਅਤੇ ਸ਼ਹਾਦਤ ਕਬੂਲ ਕਰ ਲਈ। ਇਸ ਤੋਂ ਬਾਦ ਤਸ਼ਦਦ ਦਾ ਨਵਾਂ ਦੌਰ ਸ਼ੁਰੂ ਕਰ ਦਿਤਾ। ਗੁਰੂ ਜੀ ਨੂੰ ਭੈ ਭੀਤ ਕਰਨ ਲਈ ਗੁਰੂ ਜੀ ਦੇ ਨਾਲ ਗਏ ਤਿੰਨ ਸਿੱਖ, ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਕਹਿਰ ਦੇ ਤਸੀਹੇ ਦੇ ਕੇ ਗੁਰੂ ਜੀ ਦੇ ਸਾਮ੍ਹਣੇ ਸ਼ਹੀਦ ਕੀਤਾ ਗਿਆ।

ਭਾਈ ਮਤੀ ਦਾਸ ਜੀ ਨੂੰ ਗੇਲੀਆਂ (ਮੋਟੀਆਂ ਲਕੜਾਂ) ਵਿੱਚ ਨਪੀੜ ਕੇ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ। ਭਾਈ ਸਤੀਦਾਸ ਜੀ ਨੂੰ ਰੂਈਂ ਵਿੱਚ ਲਪੇਟ ਕੇ ਅੱਗ ਲਾ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। ਗੁਰੂ ਜੀ ਇਹ ਸਭ ਕੁਝ ਅੱਖੀਂ ਦੇਖ ਰਹੇ ਸਨ। ਅਕਾਲ ਪੁਰਖ ਦੇ ਭਾਣੇ ਨੂੰ ਬੜੇ ਹੀ ਧੀਰਜ ਅਤੇ ਅਡੋਲਤਾ ਨਾਲ ਸਹਿ ਰਹੇ ਸਨ। ਅਖੀਰ ੧੧ ਨਵੰਬਰ ੧੬੭੫ ਨੂੰ ਗੁਰੂ ਜੀ ਨੂੰ ਚਾਂਦਨੀ ਚੌਂਕ ਵਿਖੇ ਬਰੋਟੇ ਦੇ ਦਰਖਤ ਹੇਠ ਲਿਆਂਦਾ ਗਿਆ। ਵਡੀ ਭੀੜ ਦੇ ਸਾਮਣੇ ਕਾਜ਼ੀ ਵਹਾਬੁਦੀਨ ਨੇ ਫਤਵਾ ਸੁਣਾਇਆ ਅਤੇ ਜਲਾੱਦ ਜਲਾਲੁਦੀਨ ਨੇ ਤੇਜ਼ ਵਾਰ ਕਰਕੇ ਗੁਰੂ ਜੀ ਦਾ ਸੀਸ ਧੜ ਤੋਂ ਵੱਖ ਕਰ ਦਿੱਤਾ। ਮਾਨਵਤਾ ਤੇ ਧਰਮ ਦੀ ਰਾਖੀ ਲਈ ਇਸ ਲਾਸਾਨੀ ਸ਼ਹਾਦਤ ਦਾ ਜ਼ਿਕਰ ਕਲਗੀਧਰ ਪਿਤਾ ਵਲੋਂ ਇਸ ਤਰ੍ਹਾਂ ਵਰਨਣ ਹੈ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ।
ਧਰਮ ਹੇਤਿ ਸਾਕਾ ਜਿਨਿ ਕੀਆਂ, ॥ ਸੀਸ ਦੀਆਂ ਪਰ ਸਿਰਰੁ ਨ ਦੀਆ।

ਗੁਰੂ ਜੀ ਦੀ ਇਸ ਲਾਸਾਨੀ ਸ਼ਹਾਦਤ ਦਾ ਭਾਰਤੀ ਸਮਾਜ ਤੇ ਬਹੁਤ ਡੂੰਘਾ ਅਸਰ ਹੋਇਆ। ਜਦੋਂ ਭਾਰਤ ਵਾਸੀ ਭੈ ਭੀਤ ਹੋ ਕੇ ਨਿਰਾਸ਼ਤਾ ਦੇ ਆਲਮ ਵਿੱਚ ਬੇਬਸ ਜਿਹੇ ਹੋ ਗਏ ਸਨ ,ਉਸ ਵੇਲੇ ਕੇਵਲ ੯ ਸਾਲ ਕੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਦੀ ਦਸ਼ਾ ਅਤੇ ਦਿਸ਼ਾ ਬਦਲਣ ਦਾ ਤਹਈਆ ਕੀਤਾ। ਆਪਨੇ ਬੜੇ ਠਰ੍ਹਮੇ ਅਤੇ ਦੂਰ ਅੰਦੇਸ਼ੀ ਨਾਲ ਲੋਕਾਂ ਨੂੰ ਇਸ ਨਿਰਾਸ਼ਤਾ ਚੋ ਕੱਢਿਆ। ਸ੍ਰੀ ਅੰਨਦਪੁਰ ਸਾਹਿਬ ਵਿਖੇ ਸਿੱਖਾਂ ਨੂੰ ਹਥਿਆਰ ਬੰਦ ਹੋਣ ਲਈ ਹੁਕਮ ਕੀਤਾ। ਲੰਮਾਂ ਸਮਾਂ ਇਸ ਯੋਜਨਾ ਤੇ ਅਮਲ ਕਰਦਿਆਂ ਖੇਡਾਂ, ਕੁਸ਼ਤੀਆਂ , ਕਸਰਤ, ਘੋੜ ਸਵਾਰੀ, ਅਤੇ ਹਥਿਆਰਾਂ ਦੇ ਮੁਕਾਬਲੇ ਕਰਵਾ ਕੇ ਯੋਧੇ ਤਿਆਰ ਕੀਤੇ। ਸਿੱਖਾਂ ਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਯੁੱਧ ਲਈ ਤਿਆਰ ਕੀਤਾ। ਗੁਰੂ ਪਿਤਾ ਦੀ ਅਦੁੱਤੀ ਸ਼ਹਾਦਤ ਤੋਂ ੨੪ ਸਾਲ ਬਾਦ ਖਾਲਸਾ ਪੰਥ ਦੀ ਸਿਰਜਣਾ ਕੀਤੀ। ਸਿਖਾਂ ਨੂੰ ਸੰਤ ਸਿਪਾਹੀ ਬਣਾਇਆ। ਇਹ ਇਕ ਐਸਾ ਇਨਕਲਾਬੀ ਕਦਮ ਸੀ ਜਿਸ ਨਾਲ ਭਾਰਤ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਆ ਗਿਆ। ਇਸ ਨਿਰਾਲੇ ਪੰਥ ਨੇ ਮੁਗਲ ਰਾਜ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਇਸ ਨਾਲ ਸਦੀਆਂ ਤੋਂ ਗੁਲਾਮ ਸਮਾਜ ਵਿਚ ਆਜ਼ਾਦੀ ਪ੍ਰਤੀ ਨਵੀਂ ਚੇਤਨਤਾ ਆ ਗਈ।

# ਸਾਹਿਬਜ਼ਾਦਿਆਂ ਦੀ ਸ਼ਹੀਦੀ ਅੱਜ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ

ਜਸਵੀਰ ਸਿੰਘ ਘੁੰਮਣ

ਗੁਰੂ ਗੋਬਿੰਦ ਸਿੰਘ ਜੀ ਨੇ ੧੬੭੫ ਤੋਂ ੧੭੦੮ ਤੱਕ ਲਗਭਗ ੩੩ ਸਾਲ ਬਹੁਤ ਹੀ ਮੁਸ਼ਕਲ ਪ੍ਰਸਥਿਤੀਆਂ ਦੀ ਹਾਲਤ ਵਿੱਚ ਸਿੰਘਾਂ ਦੀ ਬੜੀ ਯੋਗਤਾ ਨਾਲ ਰਾਹਨੁਮਾਈ ਕੀਤੀ। ਗੁਰੂ ਜੀ ਨੇ ੩੦ ਮਾਰਚ ੧੬੯੯ ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਥਾਪਨਾ ਕਰਕੇ ਸਿੰਘਾਂ ਨੂੰ ਤਲਵਾਰ ਫੜਾ ਕੇ ਜ਼ੁਲਮ ਵਿਰੁੱਧ ਲੜਨ ਦੀ ਜਾਚ ਸਿਖਾਈ ਅਤੇ ਸਾਧਾਰਨ ਲੋਕਾਂ ਨੂੰ ਅਤਿਆਚਾਰਾਂ ਦਾ ਵਿਰੋਧ ਕਰਨ ਤੇ ਰਾਸ਼ਟਰੀ ਹਿੱਤ ਲਈ ਜੀਊਣ ਤੇ ਮਰ ਮਿਟਣ ਦੀ ਪ੍ਰੇਰਨਾ ਦੇ ਕੇ ਉਨ੍ਹਾਂ ਨੂੰ ਗਿੱਦੜਾਂ ਤੋਂ ਸ਼ੇਰ ਬਣਾਇਆ। ਗੁਰੂ ਜੀ ਦੀ ਚੜ੍ਹਦੀ ਕਲਾ ਨੂੰ ਵੇਖ ਕੇ ਸਮੇਂ ਸਮੇਂ ਮੁਗਲਾਂ ਤੇ ਪਹਾੜੀ ਰਾਜਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ।

ਇੱਕ ਵਾਰ ਜਦੋਂ ਪਹਾੜੀ ਰਾਜ਼ਿਆਂ ਅਤੇ ਮੁਗਲ ਫੌਜਾਂ ਨੇ ਗਊ ਅਤੇ ਕੁਰਾਨ ਦੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਲਿਖਤੀ ਰੂਪ ਵਿੱਚ ਇਹ ਕਹਿ ਭੇਜਿਆ ਸੀ ਕਿ ਜੇ ਤੁਸੀ ਕਿਲ੍ਹਾ ਖਾਲੀ ਕਰਕੇ ਇਥੋਂ ਚਲੇ ਜਾਓ ਤਾਂ ਅਸੀ ਆਪ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗੇ ਸਗੋਂ ਸੁਰੱਖਿਅਤ ਲਾਂਘਾ ਦੇ ਦਿਆਂਗੇ ਤਾਂ ਗੁਰੂ ਜੀ ਨੇ ੬ ਤੇ ੭ ਪੋਹ ਸੰਮਤ ੧੭੬੧ (੨੧ ਦਸੰਬਰ ੧੭੦੪) ਦੀ ਠੰਡੀ ਤੇ ਹਨੇਰੀ ਰਾਤ ਵਿੱਚ ਮਾਤਾ ਗੁਜਰੀ ਜੀ ਦੇ ਕਹਿਣ ਅਤੇ ਰਸਦ ਪਾਣੀ ਦੀ ਥੁੜ੍ਹ ਕਾਰਨ ਆਨੰਦਪੁਰ ਦਾ ਕਿਲ੍ਹਾਂ ਛੱਡ ਦਿੱਤਾ। ਗੁਰੂ ਜੀ ਆਪਣੇ ਸਿੰਘਾਂ ਅਤੇ ਪਰਿਵਾਰ ਨਾਲ ਅਜੇ ਸਰਸਾ ਨਦੀ ਦੇ ਕੰਡੇ ਤੇ ਹੀ ਪਹੁੰਚੇ ਸਨ ਕਿ ਦੁਸ਼ਮਣ ਨੇ ਖਾਧੀਆਂ ਗਉ ਅਤੇ ਕੁਰਾਨ ਦੀਆਂ ਸਭ ਕਸਮਾਂ ਨੂੰ ਤੋੜ ਕੇ ਗੁਰੂ ਜੀ ਉਪਰ ਜ਼ੋਰਦਾਰ ਹਮਲਾ ਬੋਲ ਦਿੱਤਾ। ਉਸ ਸਮੇਂ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਇਸ ਕਰਕੇ ਜਿੱਥੇ ਨਦੀ ਨੂੰ ਪਾਰ ਕਰਨਾ ਬਹੁਤ ਮੁਸ਼ਕਲ ਸੀ, ਉਥੇ ਦੂਜੇ ਪਾਸੇ ਦੁਸ਼ਮਣ ਦੀਆਂ ਫ਼ੌਜਾਂ ਲਓ, ਮਾਰ ਲਓ ਕਰਦੀਆਂ ਅਤੇ ਲਿਸ਼ਕਦੀਆਂ ਤੇਗਾਂ ਨਾਲ ਨੇੜੇ ਆ ਰਹੀਆਂ ਸਨ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸੈਂਕੜੇ ਸਿੱਖ ਘੋੜਿਆਂ ਸਮੇਤ ਹੀ ਦਰਿਆ ਵਿੱਚ ਕੁੱਦ ਪਏ। ਬਹੁਤ ਸਾਰੇ, ਦੁਸ਼ਮਣਾਂ ਦੀਆਂ ਫ਼ੌਜਾਂ ਨਾਲ ਦੋ ਹੱਥ ਕਰਨ ਲੱਗ ਪਏ। ਕੁਝ ਸਿੰਘ ਨਦੀ ਵਿੱਚ ਡੁੱਬ ਗਏ ਤੇ ਕੁਝ ਨਦੀ ਨੂੰ ਪਾਰ ਕਰ ਗਏ। ਬਹੁਤ ਸਾਰਾ ਮਾਲ-ਅਸਬਾਬ ਤੇ ਕੀਮਤੀ ਸਿੱਖ ਸਾਹਿਤ ਵੀ ਨਦੀ ਦੀ ਭੇਟਾ ਚੜ੍ਹ ਗਿਆ। ਇਸ ਭੱਜ ਦੌੜ ਵਿੱਚ ਵਿੱਚ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ।

ਗੁਰੂ ਜੀ ਅਤੇ ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਤੇ ਕੁਝ ਸਿੰਘ ਚਮਕੌਰ ਸਾਹਿਬ ਨੂੰ ਚਲੇ ਗਏ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਦੇ ਉਰਲੇ ਕੰਢੇ ਦੇ ਨਾਲ ਨਾਲ ਤੁਰਦੇ ਦੂਰ ਨਿਕਲ ਗਏ ਤੇ ਰਸਤੇ ਵਿੱਚ ਉਨ੍ਹਾਂ ਨੂੰ ਗੰਗੂ ਨਾਮੀ ਬ੍ਰਾਹਮਣ, ਜੋ ਕਦੀ ਗੁਰੂ ਜੀ ਦਾ ਰਸੋਈਆ ਰਹਿ ਚੁੱਕਾ ਸੀ, ਆਪਣੇ ਪਿੰਡ ਖੇੜੀ ਨੂੰ ਲੈ ਗਿਆ। ਗੁਰੂ ਜੀ ਦੇ ਮਹਿਲ, ਭਾਈ ਮਨੀ ਸਿੰਘ ਅਤੇ ਕੁਝ ਹੋਰ ਸਿੰਘਾਂ ਨਾਲ ਦਿੱਲੀ ਵੱਲ ਨੂੰ ਚਲੇ ਗਏ।

ਦੁਸ਼ਮਣ ਦੀਆਂ ਫ਼ੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ। ਇਸ ਕਰਕੇ ਗੁਰੂ ਜੀ ਨੇ ਚਮਕੌਰ ਸਾਹਿਬ ਤੋਂ ਬਾਹਰ ਇੱਕ ਗੜੀਨੁਮਾ ਹਵੇਲੀ ਵਿੱਚ ਠਹਿਰਨਾ ਉਚਿਤ ਸਮਝਿਆ। ਥੋੜ੍ਹੇ ਹੀ ਸਮੇਂ ਪਿਛੋਂ ਦੁਸ਼ਮਣ ਦੀ ਫ਼ੌਜ ਨੇ ਗੜੀ ਨੂੰ ਘੇਰਾ ਪਾ ਲਿਆ। ਯੁੱਧ ਸ਼ੁਰੂ ਹੋ ਗਿਆ। ਪਹਿਲਾਂ ਤਾਂ ਦੋਹਾਂ ਪਾਸਿਆਂ ਤੋਂ ਤੀਰਾਂ ਦਾ ਚੰਗਾ ਮੀਂਹ ਵਰਸਿਆ ਤੇ ਫਿਰ ਹੱਥੋਂ ਹੱਥੀ

ਲੜਾਈ ਵਿੱਚ ਤਲਵਾਰਾਂ ਖੂਬ ਚਮਕੀਆਂ। ਇਸ ਸਮੇਂ ਗੁਰੂ ਜੀ ਦੇ ਕੁਝ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਆ ਕੇ ਦੁਸ਼ਮਣਾ ਨਾਲ ਟਾਕਰਾ ਕਰਨ ਦਾ ਫੈਸਲਾ ਕੀਤਾ। ਇਸ ਸਮੇਂ ਵੱਡੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ) ਨੇ, ਜੋ ਉਸ ਸਮੇਂ ੧੭ ਸਾਲ ਦਾ ਨੌਜਵਾਨ ਸੀ, ਆਪਣੇ ਪਿਤਾ ਜੀ ਕੋਲੋਂ ਦੁਸ਼ਮਣਾਂ ਨਾਲ ਦੋ ਹੱਥ ਕਰਨ ਲਈ ਆਗਿਆ ਮੰਗਣ ਲੱਗਾ। ਗੁਰੂ ਜੀ ਨੇ ਪੰਜ ਸਿੰਘ ਨਾਲ ਤੋਰ ਕੇ ਗੜ੍ਹੀ ਤੋਂ ਬਾਹਰ ਨਿਕਲ ਕੇ ਦੁਸ਼ਮਣਾਂ ਨਾਲ ਜੂਝਣ ਦੀ ਆਗਿਆ ਦੇ ਦਿੱਤੀ। ਸਾਹਿਬਜ਼ਾਦੇ ਅਜੀਤ ਸਿੰਘ ਨੇ ਪੰਜਾਂ ਸਿੰਘਾਂ ਨਾਲ ਦੁਸ਼ਮਣਾਂ ਤੇ ਅਜਿਹਾ ਵਾਰ ਕੀਤਾ ਕਿ ਦੁਸ਼ਮਣਾਂ ਦੇ ਸੀਨੇ ਵਿੰਨ੍ਹ ਦਿੱਤੇ। ਬਹੁਤ ਸਾਰਿਆਂ ਨੂੰ ਖ਼ਪਾ ਕੇ ਮੈਦਾਨੇ ਜੰਗ ਵਿੱਚ ਲੋਥ ਦਾ ਢੇਰ ਲਾ ਕੇ ਬਾਬਾ ਅਜੀਤ ਸਿੰਘ ਆਪ ਵੀ ਸ਼ਹੀਦੀ ਪਾ ਗਿਆ। ਵੱਡੇ ਭਰਾ ਦੀ ਬਹਾਦਰੀ ਤੇ ਸ਼ਹੀਦੀ ਨੂੰ ਵੇਖ ਕੇ ਛੋਟੇ ਸਾਹਿਬਜ਼ਾਦੇ (ਬਾਬਾ ਜੁਝਾਰ ਸਿੰਘ) ਨੇ ਵੀ ਪਿਤਾ ਜੀ ਕੋਲੋਂ ਰਣ ਖੇਤਰ ਵਿੱਚ ਜਾਣ ਦੀ ਆਗਿਆ ਮੰਗੀ ਤਾਂ ਜੋ ਮੈਂ ਵੀ ਦੁਸ਼ਮਣਾ ਦੇ ਆਹੂ ਲਾਹੁੰਦਿਆਂ ਸ਼ਹੀਦੀ ਪਾ ਸਕਾ। ਸਾਹਿਬਜ਼ਾਦੇ ਦੀਆਂ ਬਹਾਦਰੀ ਵਾਲੀਆਂ ਗੱਲਾਂ ਨੂੰ ਸੁਣ ਕੇ ਗੁਰੂ ਜੀ ਨੇ ਆਪਣੇ ੧੪ ਸਾਲ ਦੇ ਪੁੱਤਰ ਨੂੰ ਖੁਸ਼ੀ-ਖੁਸ਼ੀ ਯੁੱਧ ਵਿੱਚ ਜਾਣ ਲਈ ਆਪ ਸ਼ਸਤਰ ਪਹਿਨਾ ਕੇ, ਮੱਥੇ ਨੂੰ ਚੁੰਮ ਕੇ, ਥਾਪੀ ਦੇਕੇ ਕਹਿਣ ਲੱਗੇ "ਜਾ ਬੇਟਾ ! ਦੁਸ਼ਮਣਾਂ ਨੂੰ ਸਦਾ ਦੀ ਨੀਂਦ ਸਵਾ ਦੇ।" ਕੁਝ ਸਿੰਘ ਵੀ ਸਾਹਿਬਜ਼ਾਦੇ ਨਾਲ ਯੁੱਧ ਖੇਤਰ ਵਿੱਚ ਜਾ ਵੜੇ। ਪਿਆਸ ਲੱਗਣ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਪਿਤਾ ਜੀ ਕੋਲੋਂ ਪਾਣੀ ਮੰਗਣ ਆਇਆ ਤਾਂ ਗੁਰੂ ਜੀ ਨੇ ਕਿਹਾ, "ਬੇਟਾ ! ਹੁਣ ਇਸ ਲੋਕ ਵਿੱਚ ਤੇਰੇ ਪੀਣ ਵਾਲਾ ਪਾਣੀ ਨਹੀਂ ਹੈ। ਜਾਓ ! ਵੈਰੀਆਂ ਨੂੰ ਮਾਰ ਕੇ ਆਪਣੀ ਪਿਆਸ ਬੁਝਾਓ।" ਗੁਰੂ ਪਿਤਾ ਜੀ ਦੇ ਇਸ ਸ਼ਬਦ ਸੁਣ ਕੇ ਸਾਹਿਬਜ਼ਾਦੇ ਨੇ ਫਿਰ ਪਿੱਛੇ ਹੀ ਵੇਖਿਆ ਸਗੋਂ ਦੁਸ਼ਮਣਾਂ ਉਤੇ ਇੰਝ ਟੁੱਟ ਪਿਆ ਜਿਵੇਂ ਭੁੱਖਾ ਸ਼ੇਰ ਭੇਡਾਂ ਬੱਕਰੀਆਂ ਉੱਤੇ ਟੁੱਟ ਪੈਂਦਾ ਹੈ। ਉਹ ਕਈਆਂ ਮੁਗਲਾਂ ਨੂੰ ਚੀਰਦਾ ਹੋਇਆ ਆਪ ਵੀ ਸ਼ਹੀਦੀ ਪਾ ਗਿਆ। ਮੁਗਲਾਂ ਦੀਆਂ ਫ਼ੌਜਾਂ ਇਨ੍ਹਾਂ ਸਾਹਿਬਜ਼ਾਦਿਆਂ ਦੀ ਬਹਾਦਰੀ ਵੇਖ ਕੇ ਹੈਰਾਨ ਹੋ ਰਹੀਆਂ ਸਨ ਅਤੇ ਆਖ ਰਹੀਆਂ ਸਨ ਕਿ ਜਿੱਥੇ ਗੁਰੂ ਜੀ ਦੇ ਬੱਚੇ ਇੰਨੇ ਬਹਾਦਰ ਨੇ ਉਥੇ ਉਹ ਆਪ ਕਿੰਨਾ ਬਹਾਦਰ ਹੋਵੇਗਾ। ਪਤਾ ਨਹੀਂ ਇਨ੍ਹਾਂ ਨੂੰ ਕੀ ਪਿਆਇਆ ਏ, ਇੱਕ - ਇੱਕ ਸਿੰਘ ਹਜ਼ਾਰਾਂ ਤੇ ਭਾਰੂ ਰਹਿੰਦਾ ਹੈ।

ਗੁਰੂ ਸਾਹਿਬ ਆਪ ਬੜੀ ਬਹਾਦਰੀ ਨਾਲ ਲੜੇ ਅਤੇ ਉਨ੍ਹਾਂ ਨੇ ਆਪਣੇ ਹੱਥੀ ਸ਼ਾਹੀ ਸੈਨਾ ਦੇ ਸੈਨਾਪਤੀ ਨਾਹਰ ਖ਼ਾਂ ਨੂੰ ਮਾਰ ਦਿੱਤਾ ਤੇ ਇੱਕ ਹੋਰ ਸੈਨਾ ਨਾਇਕ ਖਵਾਜਾ ਮੁਹੰਮਦ ਨੂੰ ਘਾਇਲ ਕਰ ਦਿੱਤਾ। ਇਹ ਮੁੱਠੀ ਭਰ ਆਦਮੀਆਂ ਦਾ ਅਤੀ ਅਧਿਕ ਵਿਸ਼ਾਲ ਸੈਨਾ ਨਾਲ ਯੁੱਧ ਸੀ।

ਅੰਤ ਜਦੋਂ ਪੰਜ ਪਿਆਰੇ ਪਿਛੇ ਰਹਿ ਗਏ ਉਹਨਾਂ ਨੇ ਆਪਸ ਵਿੱਚ ਗੁਰਮਤਾ ਕਰਕੇ ਗੁਰੂ ਜੀ ਨੂੰ ਗੜੀ ਛੱਡਣ ਦਾ ਹੁਕਮ ਦਿੱਤਾ। ਤਾਂ ਜੋ ਉਹ ਮੁਗਲ ਅਤਿਆਚਾਰਾਂ ਵਿਰੁੱਧ ਸੰਘਰਸ਼ ਜਾਰੀ ਰਖ ਸਕਣ। ਗੁਰੂ ਜੀ ਨੇ ਗੁਰ ਪੰਥ ਦਾ ਹੁਕਮ ਕਮਾਓਂਦੇ ਹੋਏ ਚਮਕੌਰ ਦੀ ਗੜੀ ਨੂੰ ਰਾਤ ਸਮੇਂ ਛੱਡਿਆ।।

ਦੂਜੇ ਪਾਸੇ ਗੰਗੂ ਬ੍ਰਾਹਮਣ ਜੋ ਛੋਟੇ ਸਾਹਿਬਜ਼ਾਦਿਆ ਅਤੇ ਮਾਤਾ ਗੁਜਰੀ ਨੂੰ ਆਪਣੇ ਘਰ ਲੈ ਆਇਆ ਸੀ, ਦਾ ਮਨ ਮੈਲਾ ਹੋ ਗਿਆ। ਉਸ ਨੇ ਪਹਿਲਾਂ ਤਾਂ ਰਾਤ ਨੂੰ ਸੁੱਤੇ ਪਏ ਮਾਤਾ ਗੁਜਰੀ ਜੀ ਦੇ ਸਰਹਾਣਿਓ ਮੋਹਰਾਂ ਦੀ ਥੈਲੀ ਕੱਢ ਲਈ ਅਤੇ ਫਿਰ ਇਨਾਮ ਦੇ ਲਾਲਚ ਵਸ ਉਨ੍ਹਾਂ (ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ) ਨੂੰ ਮੁਰਿੰਡੇ ਦੇ ਥਾਣੇਦਾਰ ਕੋਲ ਗਿਰਫਤਾਰ ਕਰਵਾ ਦਿੱਤਾ, ਜਿਥੋਂ ਉਨ੍ਹਾਂ ਨੂੰ ਸਰਹੰਦ ਦੇ ਨਵਾਬ ਵਜੀਰ ਖ਼ਾਂ ਕੋਲ ਪਹੁੰਚਾ ਦਿੱਤਾ ਗਿਆ। ਮਾਤਾ ਜੀ ਅਤੇ ਬੱਚਿਆਂ ਨੂੰ ਠੰਢੇ ਬੁਰਜ ਵਿੱਚ ਕੈਦ ਰੱਖਿਆ ਗਿਆ। ਪੋਹ ਦਾ ਮਹੀਨਾ ਹੋਣ ਕਾਰਨ ਉਸ ਸਮੇਂ ਕੜਾਕੇ ਦੀ ਠੰਢ

ਪੈ ਰਹੀ ਸੀ। ਅਗਲੇ ਦਿਨ ਉਨ੍ਹਾਂ ਨੂੰ ਨਵਾਬ ਦੀ ਕਚਹਿਰੀ ਵਿਚ ਪੇਸ਼ ਹੋਣ ਲਈ ਕਿਹਾ ਗਿਆ। ਦਾਦੀ ਜੀ ਨੇ ਪੋਤਰਿਆਂ ਨੂੰ ਸਮਝਾਇਆ ਬੇਟਾ ! ਤੁਸੀਂ ਉਸ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਬੱਚੇ ਹੋ, ਜਿਸ ਨੇ ਧਰਮ ਦੀ ਆਨ ਤੇ ਸ਼ਾਨ ਲਈ ਆਪਣਾ ਸਭ ਕੁਝ ਦਾਅ ਤੇ ਲਗਾ ਦਿੱਤਾ ਪਰ ਈਨ ਨਹੀਂ ਮੰਨੀ ਸਗੋਂ ਜ਼ੁਲਮ ਦਾ ਡਟ ਕੇ ਮੁਕਾਬਲਾ ਕੀਤਾ। ਤੁਸੀਂ ਉਸ ਦਾਦੇ (ਗੁਰੂ ਤੇਗ ਬਹਾਦਰ ਜੀ) ਦੇ ਪੋਤਰੇ ਹੋ ਜਿਸਨੇ ਹਿੰਦੂ ਧਰਮ ਦੀ ਖਾਤਰ ਆਪਣਾ ਸੀਸ ਦੇ ਦਿੱਤਾ ਪਰ ਕਿਸੇ ਅੱਗੇ ਗੋਡੇ ਨਹੀਂ ਟੇਕੇ। ਬੱਚਿਓ ! ਤੁਹਾਨੂੰ ਕਚਹਿਰੀ ਵਿਚ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾਣਗੇ ਪਰ ਤੁਸੀ ਆਪਣੇ ਪਿਤਾ ਜੀ ਦੀ ਸ਼ਾਨ ਨੂੰ ਬਹਾਲ ਰੱਖਿਓ। ਹੋਰ ਬਹੁਤ ਸਾਰੀਆਂ ਬਹਾਦਰੀ ਵਾਲੀਆਂ ਘਟਨਾਵਾਂ ਨੂੰ ਸੁਣਾ ਕੇ ਦਾਦੀ ਜੀ ਨੇ ਪੋਤਰਿਆਂ ਨੂੰ ਆਪਣੇ ਧਰਮ ਉਤੇ ਦ੍ਰਿੜ ਰਹਿਣ ਦੀ ਸਿੱਖਿਆ ਦਿੱਤੀ।

ਅਗਲੇ ਦਿਨ ਬੱਚਿਆਂ ਨੇ ਸੂਬੇ ਸਰਹੰਦ ਦੀ ਕਚਹਿਰੀ ਵਿਚ ਜਾਂਦਿਆਂ ਹੀ ਗੱਜ ਕੇ ਕਿਹਾ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" ਬੱਚਿਆਂ ਦੀ ਦਲੇਰੀ ਤੇ ਹਿੰਮਤ ਨੂੰ ਵੇਖ ਕੇ ਵਜ਼ੀਰ ਖਾਂ ਤੇ ਹੋਰ ਸਭ ਵੱਡੇ ਵੱਡੇ ਦਰਬਾਰੀ ਹੈਰਾਨ ਤੇ ਪ੍ਰੇਸ਼ਾਨ ਹੋ ਗਏ। ਇਸ ਸਮੇਂ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਇਹ ਸਰਹੰਦ ਦੇ ਨਵਾਬ ਵਜ਼ੀਰ ਖਾਂ ਦਾ ਦਰਬਾਰ ਹੈ, ਇਨ੍ਹਾਂ ਨੂੰ ਝੁਕ ਕੇ ਸਲਾਮ ਕਰੋ। ਸਾਹਿਬਜ਼ਾਦਿਆਂ ਨੇ ਕਿਹਾ, "ਅਸੀ ਗੁਰੂ ਤੇ ਰੱਬ ਤੋਂ ਬਿਨਾਂ ਕਿਸੇ ਹੋਰ ਅੱਗੇ ਸੀਸ ਨਹੀਂ ਨਿਵਾਉਂਦੇ। ਇਹੀ ਸਿੱਖਿਆ ਸਾਨੂੰ ਦਿੱਤੀ ਗਈ ਹੈ।" ਬੱਚਿਆਂ ਦਾ ਇਹ ਕਰਾਰਾ ਜਵਾਬ ਸੁਣ ਕੇ ਵਜ਼ੀਰ ਖ਼ਾਂ ਬੋਲਿਆ– "ਬੱਚਿਓ ! ਤੁਹਾਡਾ ਪਿਤਾ ਤੇ ਤੁਹਾਡੇ ਦੋਵੇਂ ਵੱਡੇ ਭਰਾ ਮਾਰ ਦਿੱਤੇ ਗਏ ਹਨ। ਤੁਹਾਡੇ ਲਈ ਇਹੀ ਚੰਗਾ ਹੋਵੇਗਾ ਕਿ ਤੁਸੀ ਇਸਲਾਮ ਕਬੂਲ ਕਰ ਲਓ। ਸਿੱਖ ਧਰਮ ਨੂੰ ਅਸੀਂ ਛੇਤੀ ਹੀ ਖ਼ਤਮ ਕਰ ਦੇਣਾ ਹੈ। ਤੁਸੀ ਵੱਡੇ ਹੋਵੋਗੇ ਤਾਂ ਤੁਹਾਡੀਆਂ ਸ਼ਾਦੀਆਂ ਵੱਡੇ ਵੱਡੇ ਹਾਕਮਾਂ ਦੀਆਂ ਸੁੰਦਰ ਸੁੰਦਰ ਬੇਟੀਆਂ ਨਾਲ ਕਰ ਦਿੱਤੀਆਂ ਜਾਣਗੀਆਂ। ਤੁਹਾਨੂੰ ਰਹਿਣ ਲਈ ਬਹੁਤ ਸਾਰਾ ਧਨ ਦੌਲਤ ਦਿੱਤਾ ਜਾਵੇਗਾ ਪਰ ਜੇ ਤੁਸੀ ਇਸਲਾਮ ਕਬੂਲ ਨਹੀਂ ਕਰੋਗੇ ਤਾਂ ਆਪਣੀਆਂ ਜਾਨਾਂ ਤੋਂ ਹੱਥ ਗੁਆ ਬੈਠੋਗੇ। ਸੂਬੇ ਸਰਹੰਦ ਦੀਆਂ ਗੱਲਾਂ ਸੁਣ ਕੇ ਸਾਹਿਬਜ਼ਾਦਿਆਂ ਨੇ ਕੜਕ ਕੇ ਉਤਰ ਦਿੱਤਾ– "ਸੂਬਿਆ ! ਸਾਨੂੰ ਸਿੱਖੀ ਆਪਣੀਆਂ ਜਾਨਾਂ ਤੋਂ ਵੀ ਵਧ ਪਿਆਰੀ ਹੈ। ਦੁਨੀਆਂ ਦਾ ਕੋਈ ਵੀ ਲਾਲਚ ਸਾਨੂੰ ਆਪਣੇ ਧਰਮ ਤੋਂ ਡੁਲਾ ਨਹੀਂ ਸਕਦਾ। ਅਸੀ ਗੁਰੂ ਗੋਬਿੰਦ ਸਿੰਘ ਬੱਬਰ ਸ਼ੇਰ ਦੇ ਬਹਾਦਰ ਪੁੱਤਰ ਹਾਂ। ਅਸੀ ਆਪਣੇ ਪਿਤਾ ਦੀ ਸ਼ਾਨ ਨੂੰ ਨੀਵੀ ਹੁੰਦੀ ਨਹੀਂ ਵੇਖ ਸਕਦੇ। ਅਸੀ ਇਸਲਾਮ ਕਦੀ ਵੀ ਕਬੂਲ ਨਹੀਂ ਕਰਾਂਗੇ। ਵਜ਼ੀਰ ਖ਼ਾਂ ਇਨ੍ਹਾਂ ਬੱਚਿਆਂ ਦੇ ਮੂੰਹੋਂ ਬਹਾਦਰੀ ਵਾਲੇ ਸ਼ਬਦਾਂ ਨੂੰ ਸੁਣ ਕੇ ਹੈਰਾਨ ਰਹਿ ਗਿਆ। ਦਰਬਾਰ ਵਿਚ ਚਾਰੇ ਪਾਸੇ ਚੁੱਪ ਛਾ ਗਈ। ਇੰਨੇ ਨੂੰ ਸੁੱਚਾ ਨੰਦ ਨੇ ਚੁੱਪ ਤੋੜਦਿਆਂ ਨਵਾਬ ਨੂੰ, ਬੱਚਿਆਂ ਵਿਰੁੱਧ ਭੜਕਾਉਂਦਿਆਂ ਕਿਹਾ, "ਇਹ ਬੱਚੇ ਇੰਨੀ ਛੋਟੀ ਆਯੂ ਵਿਚ ਸੂਬੇ ਸਰਹੰਦ ਦੀ ਕਚਹਿਰੀ ਵਿਚ ਜੇ ਐਨੀ ਅੱਗ ਉੱਗਲ ਸਕਦੇ ਹਨ ਤਾਂ ਵੱਡੇ ਹੋ ਕੇ ਹਕੂਮਤ ਵਿਰੁੱਧ ਭਾਂਬੜ ਬਾਲ ਦੇਣਗੇ। ਆਪਣੇ ਪਿਤਾ ਵਾਂਗੂ ਹਕੂਮਤ ਲਈ ਖਤਰਾ ਬਣ ਜਾਣਗੇ।

ਸੁੱਚਾ ਨੰਦ ਦੇ ਬੋਲਾਂ ਦਾ ਨਵਾਬ ਉਤੇ ਕੁਝ ਅਸਰ ਤਾਂ ਜ਼ਰੂਰ ਹੋਇਆ ਪਰ ਉਹ ਬੱਚਿਆਂ ਨੂੰ ਮਾਰਨ ਦੀ ਥਾਂ ਤੇ ਇਸਲਾਮ ਕਬੂਲ ਕਰਵਾਉਣਾ ਚਾਹੁੰਦਾ ਸੀ ਤਾਂ ਜੇ ਸਾਰੇ ਸੰਸਾਰ ਨੂੰ ਦੱਸਿਆ ਜਾ ਸਕੇ ਕਿ ਇਸਲਾਮੀ ਹਕੂਮਤ ਦੇ ਬਾਗੀ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੇ ਸਿੱਖੀ ਤੋਂ ਬੇਮੁੱਖ ਹੋ ਕੇ ਇਸਲਾਮ ਨੂੰ ਕਬੂਲ ਕਰ ਲਿਆ ਹੈ ਪਰੰਤੂ ਇਸ ਸਮੇਂ ਬੱਚਿਆਂ ਦੇ ਜੋਸ਼ ਤੇ ਹਿੰਮਤ ਨੂੰ ਵੇਖ ਕੇ ਵਜ਼ੀਰ ਖ਼ਾਂ ਨੇ ਕਿਹਾ–"ਜਾਓ ! ਮੇਰੀਆਂ ਗੱਲ੍ਹਾਂ ਤੇ ਚੰਗੀ ਤਰ੍ਹਾਂ ਵਿਚਾਰ ਕਰਕੇ ਕੱਲ੍ਹ ਨੂੰ ਸੋਚ ਸਮਝ ਕੇ ਉੱਤਰ ਦਿਓ। ਬੱਚਿਆਂ ਨੂੰ ਉਨ੍ਹਾਂ ਦੀ ਦਾਦੀ ਕੋਲ ਪਹੁੰਚਾ ਦਿੱਤਾ ਗਿਆ। ਦਾਦੀ ਨੇ ਬੱਚਿਆਂ ਨੂੰ ਸਹੀ ਸਲਾਮਤ ਸਿੱਖੀ ਸਰੂਪ ਵਿਚ ਵੇਖ ਕੇ ਸੁੱਖ ਦਾ ਸਾਹ ਲਿਆ। ਫਿਰ ਦਾਦੀ ਦੇ ਪੁੱਛਣ ਤੇ ਪੋਤਰਿਆਂ ਨੇ

ਕਚਹਿਰੀ ਵਿਚ ਹੋਈ ਸਾਰੀ ਵਾਰਤਾਲਾਪ ਕਹਿ ਸੁਣਾਈ। ਸਾਰੀ ਗੱਲਬਾਤ ਨੂੰ ਸੁਣ ਕੇ ਮਾਤਾ ਗੁਜਰੀ ਨੇ ਕਿਹਾ-ਸ਼ਾਬਾਸ਼ਾ ਬੱਚਿਓ ! ਕਲ੍ਹ ਨੂੰ ਫਿਰ ਤੁਹਾਨੂੰ ਕਚਹਿਰੀ ਵਿਚ ਲਾਲਚ ਤੇ ਡਰਾਵੇ ਦਿੱਤੇ ਜਾਣਗੇ ਪਰ ਤੁਸੀ ਅੱਜ ਦੀ ਤਰ੍ਹਾਂ ਆਪਣੇ ਪਿਤਾ ਤੇ ਦਾਦਾ ਜੀ ਦੀ ਆਨ ਤੇ ਸ਼ਾਨ ਨੂੰ ਕਾਇਮ ਰੱਖਣਾ ਹੈ।

ਦੂਜੇ ਦਿਨ ਫਿਰ ਦੋਵੇਂ ਸਾਹਿਬਜ਼ਾਦਿਆਂ ਨੂੰ ਸੂਬੇ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇ ਨੇ ਉਨ੍ਹਾਂ ਨੂੰ ਅੱਜ ਫਿਰ ਕਈ ਤਰ੍ਹਾਂ ਦੇ ਲਾਲਚ ਤੇ ਡਰਾਵੇ ਦਿੱਤੇ ਪਰ ਬੱਚੇ ਆਪਣੇ ਧਰਮ ਤੋਂ ਨਾ ਡੋਲੇ।

ਪ੍ਰਸਿੱਧ ਇਤਿਹਾਸਕਾਰ ਮੁਹੰਮਦ ਲਤੀਫ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ, ਭਾਗ ਦੂਜਾ, ਪੰਨਾ-੯੫ ਤੇ ਲਿਖਦਾ ਹੈ, "ਗਵਰਨਰ ਨੇ ਸਾਹਿਬਜ਼ਾਦਿਆਂ ਨੂੰ ਬੜੇ ਸਨੇਹ ਨਾਲ ਆਖਿਆ, "ਬੱਚਿਓ ! ਜੇ ਅਸੀ ਤੁਹਾਨੂੰ ਰਿਹਾਅ ਕਰ ਦੇਈਏ ਤਦ ਤੁਸੀ ਕੀ ਕਰੋਗੇ ? ਗੁਰੂ ਪੁੱਤਰਾਂ ਨੇ ਉੱਤਰ ਦਿੱਤਾ- "ਅਸੀ ਆਪਣੇ ਸਿੱਖਾਂ ਨੂੰ ਇੱਕਠੇ ਕਰਕੇ ਉਨ੍ਹਾਂ ਨੂੰ ਸ਼ਸ਼ਤਰਾਂ ਨਾਲ ਸਨਦ ਬਧ ਕਰਾਂਗੇ, ਤੁਹਾਡੇ ਨਾਲ ਲੜਾਈ ਕਰਕੇ ਤੁਹਾਨੂੰ ਖ਼ਤਮ ਕਰਾਂਗੇ।" ਗਵਰਨਰ ਨੇ ਆਖਿਆ - ਜੇ ਤਹਾਨੂੰ ਲੜਾਈ ਵਿਚ ਹਾਰ ਹੋ ਜਾਵੇ। ਫੇਰ ਤੁਸੀ ਕੀ ਕਰੋਗੇ ? ਗੁਰ ਪੁੱਤਰਾਂ ਨੇ ਫੇਰ ਉੱਤਰ ਦਿੱਤਾ, "ਅਸੀ ਫੇਰ ਫ਼ੋਜਾਂ ਇੱਕਤਰ ਕਰਕੇ ਜੰਗ ਕਰਾਂਗੇ ਅਤੇ ਜਾਂ ਤੁਹਾਨੂੰ ਮਾਰ ਕੇ ਸਾਹ ਲਵਾਂਗੇ ਜਾਂ ਆਪ ਲੜ ਕੇ ਸ਼ਹੀਦ ਹੋ ਜਾਂਵਾਂਗੇ।"

ਤੀਜੀ ਵਾਰ ਫਿਰ ਬੱਚਿਆਂ ਨੂੰ ਕਚਹਿਰੀ ਵਿਚ ਸੂਬੇ ਸਰਹੰਦ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਫਿਰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਬੱਚਿਆਂ ਨੇ ਆਪਣੇ ਨਿਸ਼ਚੇ ਤੇ ਅਟੱਲ ਰਹਿੰਦਿਆਂ ਹੋਇਆ ਕਿਹਾ, "ਅਸੀਂ ਤੇਰੇ ਦਿੱਤੇ ਹੋਏ ਲਾਲਚਾਂ ਵਿਚ ਫਸ ਕੇ ਸਿੱਖੀ ਤੋਂ ਬੇਮੁੱਖ ਨਹੀਂ ਹੋ ਸਕਦੇ। ਅਸੀਂ ਤਾਂ ਤੁਹਾਡਾ ਜ਼ੁਲਮੀ ਰਾਜ ਤਬਾਹ ਕਰਨ ਲਈ ਹੀ ਪੈਦਾ ਹੋਏ ਹਾਂ।"

ਵਜ਼ੀਰ ਖ਼ਾਂ ਇਨ੍ਹਾਂ ਬੱਚਿਆਂ ਦੇ ਸ਼ਬਦਾਂ ਨੂੰ ਸੁਣ ਕੇ ਕ੍ਰੋਧ ਵਿਚ ਆ ਗਿਆ ਅਤੇ ਇਨ੍ਹਾਂ ਲਈ ਮੌਤ ਦੀ ਸਜ਼ਾ ਨਿਸ਼ਚਿਤ ਕਰ ਦਿੱਤੀ। ਇਸ ਫੈਸਲੇ ਨੂੰ ਸੁਣ ਕੇ ਕਚਹਿਰੀ ਵਿਚ ਬੈਠੇ ਮਲੇਰਕੋਟਲੇ ਦੇ ਨਵਾਬ ਸ਼ੇਰ ਮਹੁੰਮਦ ਨੇ ਕਿਹਾ, "ਨਵਾਬ ਸਾਹਿਬ ! ਇਨ੍ਹਾਂ ਛੋਟੇ ਛੋਟੇ ਬੱਚਿਆਂ ਲਈ ਮੌਤ ਦੀ ਸਜ਼ਾ ਉਚਿਤ ਨਹੀਂ। ਤੁਸੀ ਇਸਲਾਮੀ ਸ਼ਰ੍ਹਾ ਦੇ ਨਿਯਮਾਂ ਦੇ ਉਲਟ ਫੈਸਲਾ ਸੁਣਾ ਰਹੇ ਹੋ। ਸ਼ਰ੍ਹਾ ਵਿਚ ਦਰਜ ਹੈ ਕਿ ਕਿਸੇ ਬਾਪ ਦੇ ਦੋਸ਼ਾਂ ਦੇ ਬਦਲੇ ਉਸ ਦੇ ਪੁੱਤਰਾਂ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ। ਹਰ ਕਿਸੇ ਨੂੰ ਉਸਦੇ ਆਪਣੇ ਪਾਪਾਂ ਦੀ ਸਜ਼ਾ ਮਿਲਨੀ ਚਾਹੀਦੀ ਹੈ। ਇਹ ਤੁਸੀ ਬਹੁਤ ਵੱਡਾ ਪਾਪ ਕਮਾ ਰਹੇ ਹੋ। ਆਪਣਾ ਫੈਸਲਾ ਵਾਪਸ ਲੈ ਲਓ, ਨਹੀਂ ਤਾਂ ਇਤਿਹਾਸ ਤੁਹਾਨੂੰ ਕਦੇ ਵੀ ਮਾਫ਼ ਨਹੀਂ ਕਰੇਗਾ।" ਇਹ ਸੁਣ ਕੇ ਸੁੱਚਾ ਨੰਦ ਬੋਲਿਆ, "ਨਵਾਬ ਸਾਹਿਬ ! ਸੱਪ ਦੇ ਬੱਚਿਆਂ ਨੂੰ ਛੋਟੇ ਹੁੰਦਿਆਂ ਹੀ ਫੇਹ ਦੇਣਾ ਚਾਹੀਦਾ ਹੈ, ਨਹੀਂ ਤਾਂ ਵੱਡੇ ਹੋ ਕੇ ਦੁੱਖ ਦਿੰਦੇ ਹਨ।"

ਇਸ ਤੇ ਨਵਾਬ ਨੇ ਆਪਣਾ ਆਖਰੀ ਫੈਸਲਾ ਸੁਣਾਉਦਿਆਂ ਕਿਹਾ, "ਇਨ੍ਹਾਂ ਹਕੂਮਤ ਦੇ ਬਾਗੀ ਬੱਚਿਆਂ ਨੂੰ ਦੀਵਾਰ ਵਿਚ ਚਿਣਵਾ ਦਿੱਤਾ ਜਾਵੇ ਤੇ ਮਗਰੋਂ ਇਨ੍ਹਾਂ ਦੇ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰ ਦਿੱਤੇ ਜਾਣ।"

੧੩ ਪੋਹ ਸੰਮਤ ੧੭੬੨ (੧੭੦੫ ਈਸਵੀ) ਨੂੰ ਬਾਬਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਨੂੰ ਨੀਹਾਂ ਵਿਚ ਚਿਣਵਾਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਨੇ ਬੱਚਿਆਂ ਦੀ ਸ਼ਹੀਦੀ ਨੂੰ ਸੁਣ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਟੋਡਰ ਮਲ ਨੇ ਗੁਰੂ ਜੀ ਦੇ ਬੱਚਿਆਂ ਤੇ ਮਾਤਾ ਜੀ ਦਾ ਸੰਸਕਾਰ

ਕਰ ਦਿੱਤਾ ! ਉਨ੍ਹਾਂ ਦੀ ਰਾਖ ਨੂੰ ਧਰਤੀ ਵਿਚ ਦਬਾ ਦਿੱਤਾ । ਇਸ ਤਰ੍ਹਾਂ ਇਨ੍ਹਾਂ ਸਾਹਿਬਜ਼ਾਦਿਆਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ ਪਰ ਜ਼ੁਲਮ ਤੇ ਪਾਪ ਅੱਗੇ ਸਿਰ ਨਹੀਂ ਝਕਾਇਆ । ਪਿਛੋਂ ਜਾ ਕੇ ਉਸੇ ਸਥਾਨ ਤੇ ਫਤਿਹਗੜ੍ਹ ਸਾਹਿਬ ਨਾਮ ਦਾ ਮਹਾਨ ਤੇ ਇਤਿਹਾਸਕ ਗੁਰਦੁਆਰਾ ਬਣਾਇਆ ਗਿਆ ਹੈ ।

ਇਸ ਤਰ੍ਹਾਂ ਧਰਮ ਤੇ ਅਧਰਮ, ਪਾਪ ਤੇ ਸਚਾਈ ਦੀ ਇਸ ਲੜਾਈ ਵਿਚ ਗੁਰੂ ਜੀ ਦੇ ਸਾਹਿਬਜ਼ਾਦਿਆਂ ਨੇ ਆਪਣੇ ਧਰਮ ਤੇ ਕਾਇਮ ਰਹਿੰਦੀਆਂ ਸਚਾਈ ਦਾ ਪੱਲਾ ਨਹੀਂ ਛੱਡਿਆ ਸਗੋਂ ਔਰੰਗਜ਼ੇਬ ਦੀ ਸਾਰੇ ਮੁਲਕ ਨੂੰ ਦਾਰਓਲ ਇਸਲਾਮ ਬਣਾਉਣ ਦੀ ਕੱਟੜ ਤੇ ਜ਼ੁਲਮੀ ਨੀਤੀ ਦਾ ਡਟ ਕੇ ਵਿਰੋਧ ਕੀਤਾ ।

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਹਰ ਸਾਲ ੧੩ ਪੋਹ ਨੂੰ ਫਤਿਹਗੜ੍ਹ ਸਾਹਿਬ ਵਿਖੇ ਤਿੰਨ ਦਿਨ ਮੇਲਾ ਲੱਗਦਾ ਹੈ ਤੇ ਇਸ ਤੋਂ ਪਹਿਲਾਂ ਚਮਕੌਰ ਸਾਹਿਬ, ਜਿੱਥੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਸਨ, ਉਥੇ ਉਨ੍ਹਾਂ ਦੀ ਯਾਦ ਵਿਚ ਭਾਰੀ ਮੇਲਾ ਭਰਦਾ ਹੈ। ਲੱਖਾਂ ਲੋਕ ਇਸ ਪੋਹ ਦੇ ਮਹੀਨੇ ਦੀ ਕੜਾਕੇ ਦੀ ਠੰਢ ਦੀ ਪ੍ਰਵਾਹ ਕੀਤੇ ਬਿਨਾਂ ਫਤਹਿਗੜ੍ਹ ਤੇ ਚਮਕੌਰ ਸਾਹਿਬ ਪਹੁੰਚ ਕੇ ਸਾਹਿਬਜ਼ਾਦਿਆਂ ਪ੍ਰਤੀ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ । ਹਜ਼ਾਰਾਂ ਥਾਵਾਂ ਤੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ ਪਰ ਦੇਸ਼ ਦੇ ਨੌਜਵਾਨੋ, ਕੀ ਕਦੇ ਤੁਸੀ ਸੋਚਿਆ ਹੈ ਕਿ ਇਨ੍ਹਾਂ ਮੇਲਿਆਂ ਵਿਚ ਹਾਜ਼ਰੀ ਭਰਨੀ ਤੇ ਲੰਗਰ ਲਗਾਉਣੇ ਤੇ ਛੱਕਣੇ ਹੀ ਸਾਹਿਬਜ਼ਾਦਿਆਂ ਪ੍ਰਤੀ ਸੱਚੀ ਸਰਧਾਂਜਲੀ ਹੈ ਜਾਂ ਕੁਝ ਇਸ ਤੋਂ ਵੀ ਅੱਗੇ ਸੋਚਣਾ ਤੇ ਕਰਨਾ ਸਾਡਾ ਫ਼ਰਜ਼ ਬਣਦਾ ਹੈ । ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਨੂੰ ਸਾਹਮਣੇ ਰੱਖ ਕੇ ਸਾਨੂੰ ਕੁਝ ਹੋਰ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਅਤੇ ਫਿਰ ਉਸ ਸੋਚ ਤੇ ਪਹਿਰਾ ਵੀ ਦੇਣਾ ਚਾਹੀਦਾ ਹੈ । ਕੀ ਕਦੇ ਅਸੀ ਉਨਾਂ ਦੇ ਪਾਏ ਪੂਰਨਿਆਂ ਉਤੇ ਚੱਲਣ ਦੀ ਕੋਸ਼ਿਸ਼ ਕੀਤੀ ਹੈ ? ਜਿਹੜੀ ਹਿੰਮਤ ਤੇ ਦਲੇਰੀ ਸਾਹਿਬਜ਼ਾਦਿਆਂ ਨੇ ਜ਼ੁਲਮ ਵਿਰੁੱਧ ਡਟ ਕੇ ਵਿਖਾਈ ਸੀ, ਉਹ ਅਸੀ ਕਿਉਂ ਨਹੀਂ ਵਿਖਾ ਸਕਦੇ ? ਦੇਸ਼ ਦੇ ਬਹਾਦਰ ਨੌਜਵਾਨੋ ! ਉਠੋ ! ਹੁਣ ਜਾਗਣ ਦਾ ਵੇਲਾ ਹੈ: ਸਾਹਿਬਜ਼ਾਦਿਆਂ ਪ੍ਰਤੀ ਸੱਚੀ ਸ਼ਰਧਾ ਵਿਖਾਉਣ ਦਾ ਸਮਾਂ ਹੈ। ਦਲੇਰ ਨੌਜਵਾਨੋ! ਸਾਹਿਬਜ਼ਾਦਿਆਂ ਦੇ ਸਾਹਮਣੇ ਉਸ ਵੇਲੇ ਔਰੰਗਜ਼ੇਬ ਦੀ ਜ਼ੁਲਮੀ ਨੀਤੀ (ਦਾਰਉਲ ਇਸਲਾਮ) ਸੀ, ਹੁਣ ਤੁਹਾਡੇ ਸਾਹਮਣੇ ਸਾਮਰਾਜੀ ਤਾਕਤਾਂ ਤੁਹਾਡੇ ਬਰੂਹਾਂ ਉਤੇ ਆਣ ਖੜੀਆਂ ਹਨ ; ਉਨ੍ਹਾਂ ਨੇ ਦੇਸ਼ ਨੂੰ ਭ੍ਰਿਸ਼ਟਾਚਾਰ, ਪਾਪ, ਜ਼ੁਲਮ, ਅਨਿਆਂ, ਰਿਸ਼ਵਤਖੋਰੀ ਵਰਗੀਆਂ ਲਾਹਨਤਾਂ ਵਿਚ ਸੁੱਟ ਦਿੱਤਾ ਹੈ। ਸਾਰਾ ਦੇਸ਼ ਨੌਜਵਾਨਾ ਵੱਲ ਤੱਕ ਰਿਹਾ ਹੈ । ਇਸ ਸਮੇਂ ਸਾਹਿਬਜ਼ਾਦਿਆਂ ਵਾਂਗ ਨਿਰਭੈ ਹੋ ਕੇ ਕਿਸੇ ਇਨਕਲਾਬ ਦੀ ਲੋੜ ਹੈ, ਤਾਂ ਜੋ ਸਾਮਰਾਜੀ ਤਾਕਤਾਂ ਨੂੰ ਖਤਮ ਕਰਕੇ ਦੇਸ਼ ਨੂੰ ਖੁਸ਼ਹਾਲ ਕੀਤਾ ਜਾ ਸਕੇ । ਦੇਸ਼ ਦੇ ਹਰ ਨਾਗਰਿਕ ਨੂੰ ਚੰਗਾ ਰੋਜ਼ਗਾਰ ਦਿੱਤਾ ਜਾ ਸਕੇ । ਹਰ ਨਾਗਰਿਕ ਨੂੰ ਉਚ ਸਿੱਖਿਆ ਨਾਲ ਭਰਪੂਰ ਕੀਤਾ ਜਾ ਸਕੇ । ਇਸ ਲਈ ਹੁਣ ਸਾਹਿਬਜ਼ਾਦਿਆਂ ਦੀ ਯਾਦ ਨੂੰ ਮਨਾਉਣ ਲਈ ਫਤਹਿਗੜ੍ਹ ਜਾਂ ਚਮਕੌਰ ਸਾਹਿਬ ਵਿਖੇ ਸਿਰਫ ਮੱਥਾ ਟੇਕਣਾ ਤੇ ਲੰਗਰ ਲਗਾਉਣਾ ਹੀ ਕਾਫੀ ਨਹੀਂ ਸਗੋਂ ਦੇਸ਼ ਦੀ ਮੌਜੂਦਾ ਸਥਿਤੀ ਵੱਲ ਵੇਖ ਕੇ ਜ਼ੁਲਮ ਤੇ ਸਾਮਰਾਜੀ ਤਾਕਤਾਂ ਵਿਰੁੱਧ ਲੜਨ ਦਾ ਵੇਲਾ ਹੈ ਤੇ ਸਾਹਿਬਜ਼ਾਦਿਆਂ ਦੇ ਸੁਪਨੇ ਸਾਕਾਰ ਕਰਨ ਦਾ ਵੇਲਾ ਹੈ । ਜੋਸ਼ੀਲੇ ਨੌਜਵਾਨੋ ! ਦੇਸ਼ ਵਿਚ ਅਨਾਜ ਨਾਲ ਗੁਦਾਮ ਭਰੇ ਪਏ ਹਨ ਪਰ ਹਰ ਰੋਜ਼ ਬਹੁਤ ਸਾਰੇ ਵਿਅਕਤੀ ਭੁੱਖਮਰੀ ਨਾਲ ਮਰ ਰਹੇ ਹਨ । ਕੌਮ ਦੇ ਰਾਖੇ ਨੌਜਵਾਨੋ । ਜੇ ਤੁਸੀ ਸੱਚਮੁੱਚ ਸਾਹਿਬਜ਼ਾਦਿਆਂ ਨੂੰ ਸੱਚੀ ਸ਼ਰਧਾ ਦੇ ਫੁੱਲ ਭੇਟ ਕਰਨਾ ਚਾਹੁੰਦੇ ਹੋ ਤਾਂ ਦੇਸ਼ ਵਿਚੋਂ ਭੁੱਖਮਰੀ ਖ਼ਤਮ ਕਰ ਦਿਓ । ਪੜ੍ਹੇ ਲਿਖੇ ਨੌਜਵਾਨੋ ! ਇੱਕ ਮੁੱਠ ਹੋ ਕੇ ਦੇਸ਼ ਨੂੰ ਸੰਭਾਲੋ । ਇਸ ਭਾਰਤ ਦੇਸ਼ ਦੇ ਤੁਸੀਂ ਹੀ ਮਾਲਕ ਹੋ ।

ਚੇਤੰਨ ਨੌਜ਼ਵਾਨੋ ! ਅੱਜ ਫਿਰ ਘੱਟ ਗਿਣਤੀ ਵਾਲੇ ਫਿਰਕਿਆਂ ਨੂੰ ਵੱਧ ਗਿਣਤੀ ਵਾਲੇ ਖਤਮ ਕਰਨਾ ਚਾਹੁੰਦੇ ਹਨ । ਇਸੇ ਕਰਕੇ ਧਰਮਾਂ ਦੇ ਨਾਂ ਝਗੜੇ ਕਰਵਾ ਕੇ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਹੈ ਤੇ ਵੋਟਾਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ, ਜਦੋਂ ਕਿ ਸਾਰੇ ਹੀ ਧਰਮ ਸਤਿਕਾਰਯੋਗ ਹਨ । ਨੌਜਵਾਨੋ ! ਝਗੜਿਆਂ ਵਾਲੇ ਸਥਾਨਾਂ ਤੇ ਹਸਪਤਾਲ ਬਣਾਓ; ਸਕੂਲ ਬਣਵਾਓ: ਲਾਇਬ੍ਰੇਰੀਆਂ ਖੁਲਵਾਓ ਤਾਂ ਜੋ ਦੇਸ਼ ਉਨਤੀ ਦੀਆਂ ਮੰਜ਼ਲਾਂ ਨੂੰ ਸਰ ਕਰਦਾ ਹੋਇਆ ਅੱਗੇ ਵੱਧ ਸਕੇ । ਗਿਆਨਵਾਨ ਤੇ ਬਹਾਦਰ ਨੌਜਵਾਨੋ ! ਜੇ ਹੁਣ ਤੁਸੀਂ ਜ਼ੁਲਮ ਵਿਰੁੱਧ ਨਹੀਂ ਡਟੇ ਤਾਂ ਇਤਿਹਾਸ ਤੁਹਾਨੂੰ ਕਦੇ ਵੀ ਮਾਫ ਨਹੀਂ ਕਰੇਗਾ । ਸੂਝਵਾਨ ਨੋਜਵਾਨੋ । ਦੇਸ਼ ਵਿਚੋਂ ਬਲਾਤਕਾਰੀਆਂ ਨੂੰ ਖਤਮ ਕਰ ਦਿਓ । ਦਾਹਜ ਵਰਗੀ ਲਾਹਨਤ ਨੂੰ ਦੇਸ਼ ਵਿਚੋਂ ਮਿਟਾ ਦਿਓ । ਲੁੱਟ-ਖਸੁੱਟ ਵਿਰੁੱਧ ਇੱਕ ਜੁੱਟ ਹੋ ਕੇ ਜ਼ੋਰਦਾਰ ਸੰਘਰਸ਼ ਕਰੋ । ਉੱਚ ਵਿੱਦਿਆ ਆਪ ਵੀ ਪ੍ਰਾਪਤ ਕਰੋ ਅਤੇ ਦੂਜਿਆਂ ਲਈ ਉੱਚ ਵਿੱਦਿਆ ਪ੍ਰਾਪਤ ਦੇ ਮੌਕੇ ਪੈਦਾ ਕਰੋ । ਵਿਦਿਆ ਮਹਿੰਗੀ ਕਰਨ ਵਾਲਿਆਂ ਵਿਰੁੱਧ ਸੰਘਰਸ਼ ਦਾ ਬਿਗਲ ਵਜਾ ਦਿਓ । ਸਮਝਦਾਰ ਨੌਜਵਾਨੋ ! ਸਮੇਂ ਨੂੰ ਸੰਭਾਲੋ । ਜੇਕਰ ਤੁਸੀਂ ਹੁਣ ਵੀ ਬੁਰਾਈ, ਜ਼ੁਲਮ ਤੇ ਅਨਿਆਂ ਖਿਲਾਫ ਇੱਕਮੁੱਠ ਹੋ ਕੇ ਅਵਾਜ਼ ਬੁਲੰਦ ਨਾ ਕੀਤੀ ਤਾਂ ਸਾਮਰਾਜੀ ਤਾਕਤਾਂ ਤੁਹਾਨੂੰ ਦਰ ਦਰ ਦੀਆਂ ਠੋਕਰਾਂ ਖਾਣ ਲਈ ਛੱਡ ਦੇਣਗੀਆਂ । ਤੁਹਾਡੀ ਮਾਤਰ ਭਾਸ਼ਾ ਨੂੰ ਖਤਮ ਕਰਕੇ ਤੁਹਾਨੂੰ ਤੁਹਾਡੇ ਸਭਿਆਚਾਰ ਨਾਲੋਂ ਤੋੜ ਦੇਣਗੀਆਂ । ਹਰ ਪ੍ਰਕਾਰ ਦੇ ਜ਼ੁਲਮ ਤੁਹਾਨੂੰ ਸਹਿਣ ਕਰਨੇ ਪੈਣਗੇ । ਤੁਹਾਡਾ ਮਾਨ-ਸਨਮਾਨ ਖਤਮ ਹੋ ਜਾਵੇਗਾ । ਤੁਸੀਂ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਜਾਓਗੇ । ਸਾਰਾ ਦੇਸ਼ ਮੁੱਠੀ ਭਰ ਲੋਕਾਂ ਦੇ ਕਬਜ਼ੇ ਵਿਚ ਹੋਵੇਗਾ ।

ਮੈਂ ਆਪਣੇ ਇਸ ਲੇਖ ਨੂੰ ਪ੍ਰਸਿਧ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਇਨ੍ਹਾਂ ਸ਼ਬਦਾਂ ਨਾਲ ਸਮਾਪਤ ਕਰਦਾ ਹਾਂ, ਜੋ ਉਨ੍ਹਾਂ ਦੀ ਪੁਸਤਕ 'ਪਰਮ ਮਨੁੱਖ' ਵਿਚ ਦਰਜ ਹਨ :

"ਹਿੰਮਤ ਤੇ ਨਿਰਭੈਤਾ ਸਾਹਿਬਜ਼ਾਦਿਆਂ ਨੂੰ ਆਪਣੇ ਨਿਰਭੈ ਪਿਤਾ ਦੇ ਖ਼ੂਨ ਵਿਚੋਂ ਮਿਲੀ ਸੀ, ਉਹ ਹਿੰਮਤ ਤੇ ਰਿਰਭੈਤਾ ਗੁਰੂ ਸਾਹਿਬ ਦੇ ਉਪਦੇਸ਼ ਉੱਤੇ ਅਮਲ ਕਰਨ ਨਾਲ ਤੁਸੀ ਆਪ ਵੀ ਪ੍ਰਾਪਤ ਕਰ ਸਕਦੇ ਹੋ, ਉਠੋ ਵਿਚਾਰੋ ਤੇ ਆਪਣੀ ਥਾਂ ਮੱਲੋ । ਦੇਸ਼ ਦਾ ਖ਼ਜ਼ਾਨਾ ਤੁਸੀ ਹੋ, ਆਉਂਦੀ ਦੁਨੀਆਂ ਦੇ ਉਸਰੱਈਏ ਤੁਸੀ ਹੋ । ਕੰਗਾਲੀ ਦੂਰ ਕਰ ਦਿਓ, ਭੁੱਖਾਂ ਲਾਹ ਦਿਓ । ਸਾਹਿਬਜ਼ਾਦਿਆਂ ਦੇ ਸੁਪਨਿਆਂ ਨੂੰ ਸਾਕਾਰ ਕਰ ਵਿਖਾਓ ।"

ਧੰਨਵਾਦਿ ਸਹਿਤ
ਜਨ ਸਾਹਿਤ

## ਗੁਰਬਾਣੀ ਵਿੱਚ ਕਿਰਤ ਕਰਨ ਦਾ ਸੰਕਲਪ

ਡਾ. ਸਰੂਪ ਸਿੰਘ ਅਲੱਗ
(ਪੀ.ਐਚ.ਡੀ., ਡੀ.ਲਿਟ. ਯੂ.ਐਸ.ਏ.)

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ਅੰਕ-੧੨੪੫

ਦਸ ਗੁਰੂ ਸਾਹਿਬਾਨ ਨੇ ੨੩੯ ਸਾਲ ਦੀ ਲੰਮੀ ਟਰੇਨਿੰਗ ਦੇ ਕੇ ਮਨੁੱਖ ਨੂੰ ਸਪੱਸ਼ਟ ਰੂਪ ਵਿੱਚ ਸੋਝੀ ਕਰਾਈ ਹੈ ਕਿ ਉਸਨੇ ਇੱਕ ਚੰਗੇ ਗ੍ਰਹਿਸਥੀ ਵਾਂਗਰਾਂ ਜੀਵਨ ਬਤੀਤ ਕਰਨ ਲਈ ਆਪਣੀ ਗੁਜ਼ਰਾਨ ਲਈ ਕਿਰਤ ਕਮਾਈ ਕਰਨੀ ਹੈ ਤਾਂ ਕਿ ਸੰਸਾਰ ਵਿੱਚ ਇੱਜ਼ਤਦਾਰੀ ਵਾਲਾ ਜੀਵਨ ਬਤੀਤ ਕੀਤਾ ਜਾ ਸਕੇ । ਗੁਰਬਾਣੀ ਵਿੱਚ ਵੀ ਨੇਕ ਤੇ ਸੁੱਚੀ ਕਿਰਤ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਅਤੇ ਕੀਤੀ ਗਈ ਕਿਰਤ ਵਿੱਚੋਂ ਹੋਣ ਵਾਲੀ ਕਮਾਈ ਨੂੰ ਵੀ ਦੂਜਿਆਂ ਵਿੱਚ ਵੰਡ ਕੇ ਛਕਣ ਦਾ ਉਪਦੇਸ਼ ਹੈ ਤਾਕਿ ਕੋਈ ਭੁੱਖਾ ਨਾ ਰਹੇ ਅਤੇ ਮਨੁੱਖ ਮਾਇਆ ਦੀ ਬੇਲੋੜੀ ਦੌੜ ਵਿੱਚ ਪੈ ਕੇ

ਦੂਜਿਆਂ ਨਾਲ ਬੇਇਨਸਾਫ਼ੀ ਤੇ ਲੁੱਟ ਖਸੁਟ ਕਰਨ ਦੀ ਰੁਚੀ ਨੂੰ ਪਾਲਣ ਨਾ ਲਗ ਜਾਵੇ। ਜੇਕਰ ਉਹ ਆਪਣੀ ਕਿਰਤ ਵਿੱਚੋਂ ਕੁਝ ਦੂਜੇ ਨੂੰ ਦੇਣ ਦਾ ਸੁਭਾਅ ਬਣਾ ਲਏਗਾ ਤਾਂ ਉਸਨੂੰ ਇੱਕ ਖਾਸ ਪਰਕਾਰ ਦੀ ਸੰਤੁਸ਼ਟਤਾ ਮਿਲੇਗੀ, ਮਨੁੱਖੀ ਭਾਈਚਾਰੇ ਲਈ ਉਸਦੀ ਸਦ ਭਾਵਨਾ ਵਿਕਸਤ ਹੋਵੇਗੀ ਅਤੇ ਇਵੇਂ ਇੱਕ ਸਿਹਤਮੰਦ ਸਮਾਜ ਦੀ ਉਸਾਰੀ ਹੋਵੇਗੀ, ਨਵਾਂ ਵਿਕਾਸ ਤੇ ਵਿਗਾਸ ਹੋਵੇਗਾ ਅਤੇ ਆਤਮਿਕ ਜੀਵਨ ਨੂੰ ਵੀ ਪ੍ਰਫੁਲਤ ਹੋਣ ਦੇ ਅਵਸਰ ਪਰਦਾਨ ਹੋਣਗੇ। 'ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥' ਦੇ ਅਰਥ ਹੀ ਇਹ ਹੀ ਹਨ ਕਿ ਇਸ ਭਾਵਨਾ ਅਨੁਸਾਰ ਜੀਵਨ ਬਤੀਤ ਕਰਨ ਨਾਲ ਸਮਾਜਿਕ ਸੁੱਖ, ਆਤਮਿਕ ਪ੍ਰਸੰਨਤਾ ਅਤੇ ਸਰੀਰਕ ਸੰਤੋਖ ਪ੍ਰਾਪਤ ਹੁੰਦਾ ਹੈ। ਇਨ੍ਹਾਂ ਗੁਣਾਂ ਦੀ ਪ੍ਰਪੱਕਤਾ ਨਾਲ ਅਵੱਸ਼ ਹੀ ਪ੍ਰਭੂ ਪ੍ਰਾਪਤੀ ਦੇ ਰਾਹ ਦੀ ਸਹੀ ਪਛਾਣ ਹੁੰਦੀ ਹੈ। ਅਜਿਹੀ ਕਿਰਤ ਜਿਹੜੀ ਸੱਚ ਤੇ ਅਧਾਰਤ ਹੋਵੇ ਅਤੇ ਉਸ ਤੋਂ ਦੂਜੇ ਦੀ ਸੰਤੁਸ਼ਟਤਾ ਵੀ ਜੁੜੀ ਹੋਈ ਹੋਵੇ, ਸਹੀ ਅਰਥਾਂ ਵਿੱਚ ਖੁਸ਼ੀ ਦੇਣ ਵਾਲੀ ਕਿਰਤ ਹੈ ਜਿਸਦੇ ਕਰਨ ਨਾਲ ਮਨੁੱਖ ਨੂੰ ਆਪਣੇ ਅੰਦਰਲੇ ਗੁਣਾਂ ਨੂੰ ਪ੍ਰਗਟਾਉਣ ਅਤੇ ਆਪਣੀ ਹਸਤੀ ਨੂੰ ਪੂਰੀ ਤਰ੍ਹਾਂ ਨਿਖਾਰਨ ਦਾ ਵੀ ਅਵਸਰ ਪ੍ਰਾਪਤ ਹੁੰਦਾ ਹੈ। ਲਾਲਚ ਤੇ ਅਧਾਰਤ ਕਿਰਤ ਨੂੰ ਗੁਰਬਾਣੀ ਵਿੱਚ ਅਪਰਵਾਨ ਕੀਤਾ ਗਿਆ ਹੈ ਕਿਉਂਕਿ ਉਸ ਵਿੱਚੋਂ ਕਈ ਵਿਕਾਰ ਉਪਜਦੇ ਹਨ। ਲਾਲਚੀ ਮਨੁੱਖ ਆਪਣੇ ਸਭ ਅਸੂਲ ਛਿੱਕੇ ਤੇ ਟੰਗ ਵੀ ਦਿਨ ਰਾਤ ਇਸ ਲਈ ਕਿਰਤ ਕਰਦਾ ਰਹਿੰਦਾ ਹੈ ਕਿ ਉਹ ਕਾਫ਼ੀ ਧਨ ਜੋੜ ਲਵੇ ਫਿਰ ਉਸਦੀ ਵਰਤੋਂ ਕਰਕੇ ਮਨ ਚਾਹੇ ਸੁੱਖ ਨੂੰ ਪ੍ਰਾਪਤ ਕਰ ਸਕੇ। ਇਹ ਮਨੁੱਖ ਦੀ ਖਾਸ ਖ਼ਿਆਲੀ ਹੈ, ਗ਼ਲਤ ਸੋਚ ਹੈ। ਅਜਿਹਾ ਕਰਨ ਨਾਲ ਉਸਦਾ ਵਿਹਾਰ ਉਸ ਰੇਸ਼ਮ ਦੇ ਕੀੜੇ ਵਰਗਾ ਬਣ ਜਾਂਦਾ ਹੈ ਜੋ ਦਿਨ ਰਾਤ ਕਿਰਤ ਕਰਦਾ ਹੋਇਆ ਰੇਸ਼ਮ ਤਿਆਰ ਕਰਕੇ ਆਪਣੇ ਉੱਪਰ ਇਕੱਠਾ ਕਰੀ ਜਾਂਦਾ ਹੈ ਪਰ ਜਦ ਰੇਸ਼ਮ ਨੂੰ ਇਕੱਤਰ ਕਰਨ ਵਾਲਾ ਆਉਂਦਾ ਹੈ ਤਾਂ ਉਹ ਰੇਸ਼ਮ ਦੀ ਪ੍ਰਾਪਤੀ ਵਿੱਚ ਰੇਸ਼ਮ ਦੇ ਕੀੜੇ ਨੂੰ ਵੀ ਨਾਲ ਹੀ ਉਬਾਲ ਦੇਂਦਾ ਹੈ। ਕੀੜਾ ਰੇਸ਼ਮ ਤੋਂ ਸੁੱਖ ਲੈਂਦਾ ਲੈਂਦਾ ਅਤਿਅੰਤ ਦੁਖੀ ਹਾਲਤ ਵਿੱਚ ਗ਼ਰਕ ਹੋ ਜਾਂਦਾ ਹੈ। ਇਸ ਲਈ ਗੁਰਬਾਣੀ ਦਾ ਉਪਦੇਸ਼ ਹੈ ਕਿ ਐ ਮਨੁੱਖ ਤੂੰ ਹੱਥ ਤੇ ਹੱਥ ਧਰ ਕੇ ਵੀ ਨਹੀਂ ਬੈਠਣਾ, ਕਿਸੇ ਤੇ ਆਸਰਤ ਵੀ ਨਹੀਂ ਹੋਣਾ, ਪਰ ਬੇਲੋੜੀ ਕਿਰਤ ਕਮਾਈ ਵਿੱਚ ਵੀ ਖੱਚਤ ਹੋ ਕੇ ਜ਼ਿੰਦਗੀ ਦੇ ਮੁੱਖ ਆਸ਼ੇ ਤੋਂ ਵੀ ਭਟਕ ਨਹੀਂ ਜਾਣਾ ਜੋ ਪ੍ਰਭੂ ਪ੍ਰਾਪਤੀ ਹੈ, ਤੂੰ ਚੰਗੀ ਇੱਜ਼ਤਦਾਰ ਉਪਜੀਵਕਾ ਲਈ ਉਦਮ ਕਰਨਾ ਹੈ। ਗੁਰਵਾਕ ਹੈ:

> ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
> ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ ਅੰਕ-੫੫੨

ਇਸੇ ਪਰਥਾਏ ਗੁਰਬਾਣੀ ਦਾ ਹੋਰ ਫਰਮਾਨ ਹੈ:

> ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥
> ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ ਅੰਕ-੧੩੭੬

ਜੇ ਕਰ ਕੰਮ ਕਾਜ ਕਰਦਿਆਂ ਹੋਇਆਂ ਚਿਤ ਅਕਾਲਪੁਰਖ ਨਾਲ ਜੁੜਿਆ ਹੋਇਆ ਹੈ ਤਾਂ ਅਵੱਸ਼ ਹੀ ਉਹ ਕਿਰਤ ਭਾਈ ਲਾਲੋ ਵਾਂਗਰਾਂ ਸੁੱਚੀ ਹੋਵੇਗੀ ਜਿਸ ਵਿੱਚੋਂ ਅੰਮ੍ਰਿਤ ਧਾਰਾ ਵਗੇਗੀ, ਉਸਦੀ ਵਰਤੋਂ ਕਰਕੇ ਵੀ ਤਨ ਰਿਸ਼ਟ ਪੁਸ਼ਟ ਤੇ ਨਰੋਆ ਹੋਵੇਗਾ, ਮਨ ਤ੍ਰਿਪਤ ਹੋਵੇਗਾ ਅਤੇ ਆਤਮਾ ਬਲਵਾਨ ਹੋਵੇਗੀ।

ਗੁਰਬਾਣੀ ਵਿੱਚ ਕਿਰਤ ਵਿਹੂਣੇ ਮਨੁੱਖ ਨੂੰ ਵਿਹਲੜ ਕਿਹਾ ਗਿਆ ਹੈ ਜਿਸਦੀ ਸਮਾਜ ਵਿੱਚ, ਘਰ ਵਿੱਚ, ਸਾਕ ਸੰਬਧੀਆਂ ਵਿੱਚ ਕੋਈ ਇੱਜ਼ਤ ਨਹੀਂ, ਪ੍ਰਤੀਤ ਨਹੀਂ। ਇੱਥੇ ਤੱਕ ਵੀ

ਗੁਰਬਾਣੀ ਸਾਨੂੰ ਤਾਕੀਦ ਕਰਦੀ ਹੈ ਕਿ ਜਿਹੜੇ ਸਨਿਆਸੀ ਪੁਰਸ਼ ਪ੍ਰਭੂ ਪ੍ਰਾਪਤੀ ਲਈ ਘਰ ਬਾਹਰ ਤੇ ਸੰਸਾਰ ਦਾ ਤਿਆਗ ਕਰਕੇ ਜੰਗਲਾਂ, ਪਹਾੜਾਂ ਵਿੱਚ ਜਾ ਵਾਸਾ ਕਰਦੇ ਹਨ, ਕਿਰਤ ਤੋਂ ਮੂੰਹ ਮੋੜ ਕੇ ਭਿੱਖਿਆ ਮੰਗ ਕੇ ਗੁਜ਼ਾਰਾ ਕਰਦੇ ਹਨ, ਉਹ ਅਸਫਲ ਮਨੁੱਖ ਹਨ, ਉਹ ਸੰਨਿਆਸੀ ਨਹੀਂ, ਦੂਜੇ ਦੇ ਟੁੱਕੜਿਆਂ ਤੇ ਪਲਣ ਵਾਲੇ ਭਾਰੂ ਵਿਹਲੜ ਹਨ।

ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰ ਸਦਾਏ ਮੰਗਣ ਜਾਇ ॥ ਤਾ ਕੈ ਮੂਲ ਨ ਲਗੀਐ ਪਾਇ ॥ਅੰਕ - ੧੨੪੫

ਗੁਰਬਾਣੀ ਵਿੱਚ ਕਿਰਤ ਨੂੰ ਇਤਨੀ ਪ੍ਰਧਾਨਤਾ ਦਿੱਤੀ ਗਈ ਹੈ ਕਿ ਮਨੁੱਖ ਨੂੰ ਹਰ ਹਾਲਤ ਵਿੱਚ ਉਦਮਸ਼ੀਲ ਹੋ ਕੇ ਆਪਣੀ ਨੇਕ ਕਮਾਈ ਕਰਨੀ ਚਾਹੀਦੀ ਹੈ ਅਤੇ ਕਿਰਤ ਕਰਨ ਵਿੱਚ ਪੇਸ਼ ਆਉਂਦੀ ਔਖ ਤੇ ਤਕਲੀਫ਼ ਨੂੰ ਦੇਖਦਿਆਂ ਹੋਇਆ ਕੰਮ ਚੋਰ ਨਹੀਂ ਬਣਨਾ

ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥ ਅੰਕ - ੧੧੦੯

ਕਿਰਤ ਕਰਕੇ ਫਿਰ ਵੰਡ ਛਕਣ ਨਾਲ ਜਿੱਥੇ ਮਨ ਨੂੰ ਸ਼ਾਂਤੀ ਮਿਲਦੀ ਹੈ, ਭਰਾਤਰੀ ਭਾਵ ਵਿਕਸਤ ਹੁੰਦਾ ਹੈ, ਸੱਭਿਆਚਾਰਿਕ ਜੀਵਨ ਵਿੱਚ ਨੇਕ ਕੀਮਤਾਂ ਕਦਰਾਂ ਨੂੰ ਬਲ ਪਰਦਾਨ ਹੁੰਦਾ ਹੈ, ਉੱਥੇ ਅਜਿਹੇ ਵੰਡ ਛਕਣ ਵਾਲੇ ਕਿਰਤੀ ਦਾ ਅੱਗਾ ਵੀ ਸੰਵਰਦਾ ਹੈ। ਉਹ ਆਪਣੀ ਨੇਕ ਕਮਾਈ ਨੂੰ ਅਗਲੇ ਜਨਮ ਲਈ ਸੰਚਤ ਵੀ ਕਰ ਰਿਹਾ ਹੁੰਦਾ ਹੈ।

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ਅੰਕ - ੪੭੨

ਗੁਰਬਾਣੀ ਵਿੱਚ ਹਰ ਪ੍ਰਕਾਰ ਦੀ ਕਿਰਤ ਚਾਹੇ ਉਹ ਨਾਮ ਕਮਾਉਣ ਦੀ ਹੋਵੇ ਜਾਂ ਉਪਜੀਵਕਾ ਚਲਾਉਣ ਲਈ ਦੋਹਾਂ ਹੱਥਾਂ ਦੀ ਕਿਰਤ ਹੋਵੇ, ਕਰਨ ਦੀ ਤਾਕੀਦ ਹੈ:

ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ     ਅੰਕ - ੯੫੨

ਕਿਰਤੀ ਨੂੰ ਇਸ ਗੱਲ ਦਾ ਪੂਰਾ ਪੂਰਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸਦੇ ਇਸ ਸੰਸਾਰ ਵਿੱਚ ਕਰਮ ਐਸੇ ਹੋਣੇ ਚਾਹੀਦੇ ਹਨ ਜਿਹੜੇ ਉਸਦੀ ਕਿਰਤ ਨੂੰ ਸੁਕਿਰਤ ਵਿੱਚ ਬਦਲ ਦੇਣ ਨਹੀਂ ਤਾਂ ਉਹ ਪਰਮਾਤਮਾ ਦੀ ਨਦਰ ਤੋਂ ਵਿਹੂਣਾ ਹੋ ਜਾਵੇਗਾ ਅਤੇ ਜ਼ਲੀਲ ਤੇ ਖਵਾਰ ਹੋਵੇਗਾ।

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥  ਅੰਕ - ੪੭੨

ਸ਼ਬਦ ਗੁਰੂ-ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿੰਦਗੀ ਨੂੰ ਇੱਜ਼ਤਦਾਰ ਤਰੀਕੇ ਨਾਲ ਗੁਜ਼ਾਰਨ ਲਈ ਕਿਰਤ ਦਾ ਉਪਦੇਸ਼ ਹੈ ਪਰ ਬੇਲੋੜੀ ਮਾਇਆ ਇਕੱਤਰ ਕਰਨ ਲਈ ਹਰ ਵਕਤ ਕਿਰਤ ਵਿੱਚ ਰੁੱਝੇ ਰਹਿਣ ਨੂੰ ਨਕਾਰਿਆ ਗਿਆ ਹੈ ਕਿਉਂਕਿ ਮਾਇਆ ਇਕੱਤਰ ਕਰਨ ਲਈ ਕਈ ਗ਼ਲਤ ਤੇ ਮਾੜੇ ਕੰਮ ਕਰਨੇ ਪੈਂਦੇ ਹਨ, ਬਹੁਤ ਹਾਲਤਾਂ ਵਿੱਚ ਜ਼ਮੀਰ ਤੱਕ ਨੂੰ ਮਾਰਨਾ ਪੈਂਦਾ ਹੈ ਅਤੇ ਮਾਇਆ ਵੀ ਉਹ ਜਿਸਨੇ ਨਾਲ ਨਹੀਂ ਜਾਣਾ। ਇਹ ਥੋੜ੍ਹੀ ਹੋਵੇ ਤਾਂ ਮਨੁੱਖ ਚਿੰਤਾ ਵਿੱਚ ਰਹਿੰਦਾ ਹੈ, ਬਹੁਤੀ ਹੋਵੇ ਤਾਂ ਇਸਦੀ ਸੰਭਾਲ ਵਿੱਚ ਔਖਾ ਹੋਇਆ ਫਿਰਦਾ ਹੈ। ਚੰਗਾ ਮਨੁੱਖ ਤਾਂ ਉਹ ਹੈ ਜੋ ਇਨ੍ਹਾਂ ਦੋਹਾਂ ਸਥਿਤੀਆਂ ਤੋਂ ਮੁਕਤ ਹੋ ਕੇ ਆਪਣੀ ਗੁਜ਼ਰਾਨ ਕਰੇ। ਗੁਰਵਾਕ ਹੈ:   ਜਿਸ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥   ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥

ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ ਅੰਕ - ੧੦੧੯

ਮਾੜੇ ਢੰਗਾਂ ਤਰੀਕਿਆਂ ਨਾਲ ਕਮਾਈ ਦੌਲਤ ਮਨੁੱਖ ਨੂੰ ਅਭਿਮਾਨੀ, ਲਾਲਚੀ ਅਤੇ ਬੇਅਸੂਲਾ ਬਣਾ ਦੇਂਦੀ ਹੈ। ਅਜਿਹਾ ਮਨੁੱਖ ਦੌਲਤ ਤੋਂ ਸੁੱਖ ਭਾਲਦਾ ਭਾਲਦਾ ਪਰੇਸ਼ਾਨੀਆਂ ਅਤੇ ਦੁੱਖ ਤਕਲੀਫ਼ਾਂ ਵਿੱਚ ਗ੍ਰਸਤ ਹੋ ਜਾਂਦਾ ਹੈ ਜਿਹੜੀਆਂ ਉਸਨੂੰ ਚਾਰੇ ਪਾਸਿਓਂ ਖੋਰਾ ਲਗਾ ਦੇਂਦੀਆਂ ਹਨ। ਹਰ ਮਨੁੱਖ ਨੂੰ ਇਸ ਲਈ ਗੁਰਬਾਣੀ ਦੀ ਇਹ ਨਸੀਹਤ ਜ਼ਰੂਰ ਕੰਠ ਕਰਕੇ ਰੱਖਣੀ ਚਾਹੀਦੀ ਹੈ ਕਿ:

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥ ਅੰਕ - ੨੩

ਗ਼ਲਤ ਕਿਰਤ ਕਮਾਈ ਕਰਕੇ ਇਕੱਠੀ ਕੀਤੀ ਮਾਇਆ ਦਾ ਕੀ ਲਾਭ ਜਿਸਨੇ ਪਾਪਾਂ ਬਿਨਾਂ ਇਕੱਠੀ ਨਹੀਂ ਹੋਣਾ ਤੇ ਫਿਰ ਮਰਣ ਲਗਿਆਂ ਨਾਲ ਵੀ ਨਹੀਂ ਜਾਣਾ। ਇਸ ਤਰ੍ਹਾਂ ਇਕੱਠੀ ਕੀਤੀ ਮਾਇਆ ਦਾ ਕੀ ਲਾਭ ਕਿ ਜਿਨ੍ਹਾਂ ਬੱਚਿਆਂ ਅਤੇ ਪਰਿਵਾਰ ਦੇ ਹੋਰ ਜੀਆਂ ਦੇ ਸੁੱਖ ਅਰਾਮ ਲਈ ਇਹ ਜੋੜ ਕੇ ਸੰਭਾਲੀ ਗਈ ਹੈ ਉਹ ਪਰਿਵਾਰ ਦੇ ਮੈਂਬਰ ਹੀ ਆਖ਼ਰ ਮਨੁੱਖ ਦਾ ਸਾਥ ਛੱਡ ਦੇਂਦੇ ਹਨ। ਤਾਕੀਦ ਹੈ:

ਕਾਹੇ ਗਰਬਸਿ ਮੂੜੇ ਮਾਇਆ ॥
ਪਿਤ ਸੁਤੋ ਸਗਲ ਕਾਲਤ੍ਰ (ਇਸਤਰੀ) ਮਾਤਾ ਤੇਰੋ ਹੋਹਿ ਨ ਅੰਤਿ ਸਖਾਇਆ॥(੨੩)

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਕੁੰਜੀ ਕਿਹਾ ਹੈ, ਵੀ ਧਰਮ ਦੀ ਕਿਰਤ ਕਰਨ ਤੇ ਹੀ ਬਲ ਦੇਂਦੇ ਹਨ। ਇਸ ਤੋਂ ਹੋਰਵੇਂ ਮਨੁੱਖ ਜੋ ਕੁਝ ਵੀ ਆਪਣੀ ਉਪਜੀਵਕਾ ਲਈ ਕਰਦਾ ਹੈ ਉਹ ਪੂਰੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਦਾ ਕਥਨ ਹੈ:

ਕਿਰਤ ਵਿਰਤ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ ॥
ਪਾਰਸ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥ ਨ ਲਾਵੈ ॥
ਨਿਮਨ ਢੰਗ ਨਾਲ ਕਾਰਜ ਕਰਨ ਵਾਲੇ ਕਿਰਤੀ ਗੁਰਮੁੱਖ ਦੇ ਹੱਥ ਸਫਲ ਹਨ।
ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤ ਗੁਰ ਕਾਰ ਕਮਾਵੈ ॥ (ਵਾਰ ਛੇਵੀਂ)

ਉਕਤ ਸਾਰੀ ਵਿਚਾਰਧਾਰਾ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਇਹੀ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਅਨੁਸਾਰ ਨੇਕ ਕਿਰਤ ਨੂੰ ਬਹੁਤ ਜ਼ਰੂਰੀ ਦੱਸਿਆ ਗਿਆ ਹੈ ਤਾ ਕਿ ਸੰਸਾਰ ਵਿੱਚ ਇੱਜ਼ਤਦਾਰ ਤਰੀਕੇ ਨਾਲ ਵਿਚਰਿਆ ਜਾ ਸਕੇ ਅਤੇ ਸੰਸਾਰ ਦੇ ਸੁਧਾਰ ਵਿੱਚ ਆਪਣਾ ਯੋਗਦਾਨ ਪਾਇਆ ਜਾ ਸਕੇ। ਕਿਰਤ ਕਰਕੇ ਮੰਗਤਾ ਨਹੀਂ ਮਨੁੱਖ ਦਾਤਾ ਬਣ ਸਕਦਾ ਹੈ। ਅਜਿਹੀ ਅਵਸਥਾ ਬਹੁਤ ਫਲਦਾਇਕ ਹੈ। ਇਸ ਲਈ ਗੁਰਬਾਣੀ ਅਤੇ ਗੁਰਮਤਿ ਸੁੱਚੀ ਕਿਰਤ ਪ੍ਰਧਾਨ ਜੀਵਨ ਜਾਚ ਨੂੰ ਪਰਵਾਨ ਕਰਦੀ ਹੈ ਜਿਸ ਵਿੱਚ ਉਦਮਸ਼ੀਲਤਾ ਵੀ ਹੈ, ਵੰਡ ਛਕਣ ਦੀ ਭਾਵਨਾ ਵੀ ਹੈ, ਭਗਤੀ ਵੀ ਹੈ, ਸੇਵਾ ਦੀ ਜੁਗਤੀ ਵੀ ਹੈ।

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ ॥ ਅੰਕ - ੨੬

ਧੰਨਵਾਦਿ ਸਹਿਤ
ਗੁਰਬਾਣੀ ਸੰਕਲਪ

# A UNIVERSAL MESSAGE FOR HUMANITY

In 'Gurbani', there is no place for religious bigotry and dogmatism. It tells a yogi how to be a true yogi, while Muslim and a Hindu too are taught to be true to themselves. Since the whole humanity is one, the message too has to be the same:

## Muslim

- Offer the prayer of Truth on the prayer mat of Faith, And silence thy desire and overcome thy cravings.

  And make thy body thy mosque and thy Mind the Mullah, and (inner) Purity and whole someness the God's Word. (SGGS1083)

- Let Mercy be thy mosque, Faith thy prayer-Mat: and Honest living thy Quaran.

  Humility thy circumcision, and Good conduct thy fast.

  Thus dost thou become a (true) Muslim.

  If pious works be thy Kaba and Truth thy teacher and good deeds thy prayer.

  And if thy rosary be of His will, the Lord, will keep thy Honour. (SGGS140)

## Sikh

He, who calls Himself a disciple of the True Guru.

Let him rise early in the morn and contemplate on the Lord's Name.

Let him attune himself to the Lord and Bathe in the pool of Nectar at this early hour.

Let him Dwell upon the Lord through the Guru's word that all his sins are washed off.

And when the Sun rises, Let him Sing the Guru's Word, and-Reflect on the Lord's Name, upstanding and downsitting.

He, who contemplates on my-Lord with every breath, He, the Devotee, becomes the Beloved of the Guru

He, on whom is the Lord's Mercy, him alone. He instructs in the Guru's Wisdom.

Nanak Craves the Dust of the Devotee's Feet

Who contemplates himself and makes others contemplate on the Name of the Lord (SGGS305-6)

## BRAHMIN

- He alone is a Brahmin who knows Brahma, yea, the God And practices Austerity and contemplation and self control, and does (the Right) Deeds.

And keeps the Religion of contentment and culture And earns emancipation, breaking the Bonds (of desire).

Yea, such a Brahmin is worthy of being worshipped (SGGS 1411)

**YOGI**

- Let silence be thy ear-rings. Compassion thy wallet reflection thy begging bowl And, let thy coat be thy stitching up of the wounds (of vice) on the body, and thy feed be the Lord's Name.

  O Yogi, practice such a yoga That you enjoy,by The Guru's Grace, the Merit of contemplation, Austerities and self-control. (SGGS 970)

- One becomes not a Yogi by mere talk.

  If one looks upon all the creation alike, he is acclaimed as a true yogi. (SGGS 730)

**KHATRI**

- He alone is a Khatri who is a Hero in Deed.

  And dedicates his body to compassion and charity And knowing the right Farm, sows the seed of Beneficence.

  Then such a Khatri is approved of at the Lord's Court (SGGS 1411)

**BHAGAT**

- If one be innocent even when wise

  And be powerless even when Blest with power,

  And share even when there is least to share

  One is a True Devotee of God, But rare is such a one, how rare! (SGGS 1384)

- The Lord's Servant is renowned as the Devotee of the Lord, and, obeying The Lord's will he is at peace.

  And whatever pleases the Lord that he accepts as a Blessing, and Enshrines the Lord's Will in the Mind (SGGS 480)

**KING**

- That king alone must sit on the throne, who is worthy of it.

  Yea, he, who Realises the (God's) Truth, he (alone) is the true king.

  These rulers of the earth are not kingly (in mind), for, they're torn by Dua (SGGS 1088)

**Hero (Soorma)**

- He alone is mighty who loves his Lord in this age.

  He who conquers his self by the perfect Guru's Grace, Conquers the whole world. (SGGS 680)

- The (God's) hero is he who fights for the oppressed.

  And though batterd into bits he abandons not the field of battle.

  (SGGS 1105)

# ਰਾਗ ਕਲਿਆਣ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ – ਕਲਿਆਣ
ਥਾਟ – ਕਲਿਆਣ
ਸੁਰ – ਮਧਿਅਮ ਤੀਵਰ ਬਾਕੀ ਸ਼ੁਧ
ਜਾਤੀ – ਸੰਪੂਰਨ ਸੰਪੂਰਨ
ਵਰਜਿਤ ਸੁਰ – ਕੋਈ ਨਹੀ
ਵਾਦੀ ਸੁਰ – ਗੰਧਾਰ
ਸੰਵਾਦੀ ਸੁਰ – ਨਿਸ਼ਾਦ
ਸਮਾਂ – ਰਾਤ ਦਾ ਪਹਿਲਾ ਪਹਿਰ

ਆਰੋਹ – ਸ, .ਨੀ ਰੇ ਗ, ਮੇ ਪ, ਮੇ ਧ ਨੀ ਸਂ।
ਅਵਰੋਹ – ਸਂ ਨੀ ਧ ਪ, ਮੇ ਗ, ਰੇ ਸ।
ਪਕੜ – .ਨੀ ਰੇ ਗ, ਰੇ ਸ, ਪ ਮੇ ਗ ਰੇ, .ਨੀ ਰੇ ਸ।

## ਰਾਗ ਕਲਿਆਣ ਖਿਆਲ ਅੰਗ ਇੱਕ ਤਾਲ ਵਿਲੰਬਿਤ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| x | | 0 | | 2 | | 0 | | 3 | | 4 | |
| | | | | | | | | | | .ਨੀ-.ਧ-<br>ਕsਬੀs | .ਨੀਰੇਗਰੇ<br>ਰsss |
| ਗ-ਗ-<br>ਮੇsss | ਰੇ-ਗਗ<br>ਰੀsss | ਰੇਰੇਸਸ<br>ਜਾssਤਿ | .ਨੀਰੇਗ-<br>ਕਉss | ਮੇ-ਗ-<br>ਸsਭs | ਮੇ-ਪ-<br>ਕੋsss | ਮੇਧਪ-<br>ਹsਸs | ਨੀ-ਧਪ<br>ਨੇsss | ਮੇ-ਗ-<br>ਹਾsss | ਰੇ-ਸ-<br>ਰsss | | |
| | | | | | | | | | | ਪ-ਮੇਗ<br>ਬsਲਿs | ਮੇਧਨੀ-<br>ਹਾsਰੀs |
| ਸਂ-ਸਂ-<br>ਇsਸs | ਨੀ--ਸਂ<br>ਜਾsssਤਿ | ਨੀਰੇਂਸਂਸਂ<br>ਕਉss | ਨੀਰੇਂਗਂਰੇਂ<br>ਜਿsਹs | ਸਂ-ਨੀਸਂ<br>ਜsਪਿs | ਨੀ-ਧ-<br>ਓsss | ਪ-ਮੇਪ<br>ਸਿsਰs | ਮੇ-ਗ-<br>ਜsਨs | ਰੇ-ਸ-<br>ਹਾsss | .ਨੀਰੇਸ-<br>ਰsss | | |

ਆਲਾਪ

ਤੀਜੀ ਮਾਤਰਾ ਤੋਂ: ਸ-.ਨੀ.ਧ .ਨੀਰੇਸ- .ਨੀਰੇਗ- ਮੇ-ਗ- ਮੇ-ਪ-
ਮੇਧਪ- ਮੇਗਰੇ- .ਨੀਰੇਸ-

ਸ-ਰੇਸ .ਨੀਰੇਗ- ਰੇਮੇਗ- ਮੇਪਧਪ ਮੇਧਨੀ- ਸਂ-ਨੀਸਂ
ਨੀਧਪ- ਮੇਗਰੇਸ

ਤਾਨਾਂ ਗਗਰੇਸ.ਨੀਰੇਗਰੇ ਮੇਗਪਮੇਧਪਮੇਗ ਪਪਮੇਗਰੇਗਮੇਗ ਪਮੇਧਪਨੀਧਪਮੇ
ਨੀਨੀਧਪਮੇਗਪਮੇ ਧਪਨੀਧਸਂਨੀਧਪ ਨੀਰੇਂਗਂਰੇਂਸਂਨੀਧਪ
ਮੇਗਪਮੇਗਰੇਸਸ

ਤੀਜੀ ਮਾਤਰਾ ਤੋਂ : ਮੇਮੇਗਮੇਗਰੇਗਗ ਰੇਗਰੇਸ.ਨੀਰੇਸਸ ਧਧਪਧਪਮੇਪਪ ਮੇਪਮੇਗਮੇਮੇਗਮੇ
ਗਰੇ.ਨੀਰੇਸਸਸਂਸਂ ਨੀਸਂਨੀਧਨੀਨੀਧਨੀ ਧਪਮੇਮੇਗਮੇਗਰੇ
ਗਗਰੇਸ.ਨੀਰੇਸਸ

ਮੇਪਪਮੇਪਪਮੇਪ ਮੇਗਰੇਸਪਧਧਪ ਧਧਪਧਪਮੇਗਰੇ ਧਨੀਨੀਧਨੀਨੀਧਨੀ ਧਪਮੇਗਨੀਸਂਸਂਨੀ
ਸਂਸਂਨੀਰੇਂਸਂਨੀਧਪ ਗਮੇਮੇਗਮੇਮੇਗਮੇ ਗਗਰੇਸ.ਨੀਰੇਸਸ

ਤਿਹਾਈ .ਨੀ-.ਧ-.ਨੀਰੇਗਰੇ .ਨੀ-.ਧ-.ਨੀਰੇਗਰੇ .ਨੀ-.ਧ-.ਨੀਰੇਗਰੇ
੧੦ਵੀਂ ਮਾਤਰਾ ਤੋਂ:ਕsਬੀsਰsss ਕsਬੀsਰsss ਕsਬੀsਰsss

ਪੰਨਾ ੧੩੬੪ ਸਲੋਕ ਕਬੀਰ ਜੀ ॥ ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥

# ਗਤੀਵਿਧੀਆਂ

1. ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-11-2015 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ 'ਮੰਘਿਰਿ ਮਾਹਿ ਸੁਹੰਦੀਆ ਹਰਿ ਪਿਰ ਸੰਗਿ ਬੈਠੜੀਆ ॥' ਵਿਸ਼ੇ ਤੇ ਆਯੋਜਿਤ ਕੀਤਾ ਗਿਆ ਜਿਸ ਵਿਚੱ ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸਟੀਚਿਊਟ ਦੇ ਵਿਦਿਆਰਥੀਆਂ ਨੇ ਤੇ ਕਥਾ ਦੀ ਸੇਵਾ ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਨਿਭਾਈ ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ ।

2. ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੂਰਬ

ਪ੍ਰਭਾਤ ਫੇਰੀਆਂ:- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਮਨਾਉਂਦੇ ਹੋਏ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਤੋਂ ਮਿਤੀ 17-11-2015 ਨੂੰ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ ਦੀ ਸਮਾਪਤੀ ਮਿਤੀ 24-11-2015 ਨੂੰ ਕੀਤੀ ਗਈ। ਪ੍ਰਭਾਤ ਫੇਰੀਆਂ ਵਿੱਚ ਹਰ ਰੋਜ਼ ਗੁਰਮਤਿ ਪ੍ਰਸਾਰ ਇੰਨਸਟੀਚਿਊਟ ਦੇ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਵੀ ਹਾਜ਼ਰੀਆਂ ਭਰੀਆਂ ।





**ਗੱਤਕਾ ਟੀਮ ਦੇ ਜੌਹਰ** :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 25-11-2015 (ਬੁੱਧਵਾਰ) ਨੂੰ ਸਵੇਰੇ ਗੁਰਮਤਿ ਪ੍ਰਸਾਰ ਗੱਤਕਾ ਟੀਮ ਨੇ ਗੱਤਕੇ ਦੇ ਜੌਹਰ 11.30 ਵਜੇ 12.30 ਵਜੇ ਤੱਕ ਦਿਖਾਏ । ਸਮੂਹ ਸੰਗਤ ਨੇ ਗੱਤਕਾ ਟੀਮ ਦੀ ਪ੍ਰਸੰਸਾ ਕੀਤੀ ਤੇ ਗੱਤਕੇ ਨੂੰ ਸਿੱਖੀ ਦੇ ਪ੍ਰਚਾਰ ਦਾ ਇੱਕ ਚੰਗਾ ਉਪਰਾਲਾ ਦੱਸਿਆਂ ਇਸ ਮੌਕੇ ਗੱਤਕੇ ਦੀ ਸਿਖਲਾਈ ਦੇਣ ਵਾਲੇ ਗੁਰਮਤਿ ਪ੍ਰਸਾਰ ਇੰਨਸਟੀਚਿਊਟ ਦੇ ਵਿਦਿਆਰਥੀਆਂ ਭਾਈ ਯੋਗਰਾਜ ਸਿੰਘ,ਭਾਈ ਹਰਵਿੰਦਰ ਸਿੰਘ ,ਭਾਈ ਬਲਜਿੰਦਰ ਸਿੰਘ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।





**ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਸਮਾਗਮ:-** ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 25-11-2015 (ਬੁੱਧਵਾਰ) ਨੂੰ ਸਵੇਰੇ 7.30 ਵਜੇ ਤੋਂ 12.30 ਵਜੇ ਤੱਕ ਗੁਰਮਤਿ ਸਮਾਗਮ ਹੋਏ। ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਜਾਣ ਵਾਲੀ ਸਮੂਹ ਸੰਗਤ ਨੇ ਸੰਗਤੀ ਰੂਪ ਵਿੱਚ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਨਿਭਾਈ,ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਗਏ।









## ਦਸੰਬਰ ਮਹੀਨੇ ਦੇ ਸਮਾਗਮ:-

1. ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਪੁਰਬ

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਪੁਰਬ ਮਿਤੀ 16-12-2015 ਦਿਨ ਬੁੱਧਵਾਰ ਨੂੰ ਸ਼ਾਮ 6.30 ਤੋਂ 9.00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ, ਸਾਹਮਣੇ ਸੰਨੀ ਇਨਕਲੇਵ, ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਨਵੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 55 | 113 | 168 |
| 2 | Eye | 08 | 08 | 16 |
| 3 | Cardiology | 0 | 29 | 29 |
| 4 | Dental | 19 | 47 | 66 |
| 5 | Gynaecology | 12 | 35 | 47 |
| 6 | Homoeopathy | 26 | 169 | 195 |
| | **Total** | **120** | **401** | **521** |
| | Laboratory | 45 | - | 45 |

## ਧੰਨਵਾਦਿ :

## ਨਵੰਬਰ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. M.S. Chahal #460/Sec 37-A/Chd 2,000/-
2. Bibi Harsharan Kaur Sethi #1440/34C/Chd 500/-
3. Bibi. Hardeep Kaur Saluja #53/70 /Mohali 500/-
4. Giani Ranjit Singh #2846/2/Sec.47C/Chd 2,430/-
5. S. Kuldip Singh/K. No. 1541/69/Mohali 10,000/-
6. S. Balwinder Singh/ Gurdwara Chhaju Majra/Mundi Kharar 500/-
7. Bibi Surjit Kaur #1444/Sec 34C/Chd 2,000/-
8. S. Narinder Bir Singh #1444/34C/Chd 2,000/-
9. Mrs. Neelam Chugh #78/Phase 6/Mohali 500/-
10. Mrs. Sagari Thapar #78/Phase 6/Mohali 1500/-
11. All Indian Sikh Federation(Regd.) D-9 Green Park Extn. New Delhi 21,000/-
12. S. D.P Singh #393/Phase 9/Mohali 12,000/-
13. S. Diljeet Singh Sachdev/2634/1/47C 21,000/-
14. Dr. Prabhjot Kaur #4125/68/Mohali 35,000/-
15. S. Dhanwant Singh #447/Ph4/Mohali 500/-
16. S. M.P. Singh /E-3,Greater Kailash Part-1/New Delhi 60,000/-
17. Col. H.S Uppal #306/Sec 33A/Chd 20,000/-
18. Bibi Manjit Kaur Bindra #1655/34D/Chd 1000/-
19. Bibi Amarpreet Kaur/Mundi Kharar 100/-
20. S. Dilpreet Singh/ Mundi Kharar 100/-
21. S. Harjinder Singh/ Mundi Kharar 100/-
22. S. Guntar Singh/ Mundi Kharar 100/-
23. Bibi Gurnoor Kaur/Mundi Kharar 50/-
24. S. Lakhwinder Singh / Mundi Kharar 100/-
25. S. Yadhwinder Singh / Mundi Kharar 100/-
26. Satkar Properties / Mundi Kharar 500/-
27. S. Mohinder Singh Sudan #1286/33-C 500/-
28. Sewak Charitable Trust(Regd.) SCO 1104-05 Sec. 22B,Chd 75,00/-
29. Dr. Saranjit Singh #2817/Ph 7/Mohali 2,000/-
30. Bibi Dalbir Kaur/Mundi Kharar 100/-
31. S. Narinder Bir Singh #1444/Sec 34C/Chd 500/-
32. S. Dilbagh Singh/Satkar Properties/ Mundi Kharar 500/-
33. S. Jagjit Singh/ Mundi Kharar 100/-
34. S. Lavpreet Singh/ Mundi Kharar 100/-
35. S. Tej Partap Singh/ Mundi Kharar 100/-
36. Bibi Maninder Kaur/Mundi Kharar 100/-
37. Bibi Amrita Pritam Kaur #2223/2/45C 1,000/-
38. S. Mahinder Singh / Mundi Kharar 1,100/-
39. Bhai Ravinder Singh/ Gurdwara Sant Sewa, Sector-43/Chd 1,000/-
40. Hill-View Appartments Society/Baddi 2,100/-
41. Bhai Ranjeet Singh,Head Granthi Sec29, 6,00/-
42. S. Surinder Pal Singh #303/Sec 20A/Chd 500/-
43. Bibi Jasleen Kaur #1369/Sec 40B/Chd 500/-
44. Bibi Gurdeep Kaur #461/Sec 44A/Chd 500/-
45. S. Harsharnpal Singh Bhatia#461/44A/Chd 500/-
46. Bibi Harpreet Kaur #461/Sec 44A/Chd 500/-
47. Bibi. Harleen Kaur Sarna #107G, Shivalik Vihar Naya Goan, Mohali 500/-
48. Bibi. Rajleen Kaur #836/Phase II/Mohali 500/-
49. S. Inderpreet Singh #461/Sec 44A/Chd 500/-
50. M. Vijay Kumar #111/Ram Darbar/Ph-I 100/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।